ਰੈਸ਼ਨੇਲਿਸਟ ਸੁਸਾਇਟੀ ਪੰਜਾਬ ਦਾ ਬੁਲਾਰਾ

# ਵਿਗਿਆਨਕ ਵਿਚਾਰ


ਸਾਲ—1

ਅੰਕ —2 (ਜੁਲਾਈ-ਅਗਸਤ)

ਕੀਮਤ—3 ਰੁਪਏ

ਮੁੱਖ ਸੰਪਾਦਕ— ਰਾਜਪਾਲ ਸਿੰਘ


ਇਹ ਪਰਚੇ ਦੀ ਰਜਿਸਟ੍ਰੇਸ਼ਨ
ਵਿਗਿਆਨਕ ਵਿਚਾਰ ਦੇ ਨਾਂ ਹੇਠ ਮਿਲਣ ਕਰਕੇ
ਰੈਸ਼ਨਲਿਸਟ ਸੁਸਾਇਟੀ ਪੰਜਾਬ ਦਾ ਬੁਲਾਰਾ

**ਤਰਕਸ਼ੀਲ**

ਦੀ ਬਜਾਏ

**ਵਿਗਿਆਨਕ-ਵਿਚਾਰ**

ਦੇ ਰੂਪ ਵਿਚ ਆਇਆ ਕਰੇਗਾ

ਅਗਲੇ ਅੰਕ ਵਿੱਚ :-

1, ਮਿਰਗੀ ਬਾਰੇ ਜਾਣਕਾਰੀ ਭਰਪੂਰ ਲੇਖ

2. ਟੈਸਟ ਟਿਊਬ ਬੇਬੀ ਕੀ ਹੈ ?

# ਇਜਾਜ਼ਤ

## Permission

ਮੈਂ ਹੇਮ ਰਾਜ ਸਟੈਨੋ, ਮਾਲਕ ਅਤੇ ਪ੍ਰਕਾਸ਼ਕ 'ਤਰਕਸ਼ੀਲ' ਸਟਾਲਿਨਜੀਤ ਸਿੰਘ (ਪਿੰਡ ਤੇ ਡਾਕਖਾਨਾ ਡੋਡ, ਜਿਲ੍ਹਾ ਫ਼ਰੀਦਕੋਟ) ਨੂੰ ਤਰਕਸ਼ੀਲ ਦੇ ਸਾਰੇ ਅੰਕਾਂ ਦੀਆਂ ਪੀ.ਡੀ.ਐੱਫ. ਫਾਈਲਾਂ ਬਣਾ ਕੇ ਆਨ-ਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਤਰਕਸ਼ੀਲ ਦੇ ਅੰਕਾਂ ਦੀਆਂ ਸਿਰਫ ਪੀ.ਡੀ.ਐੱਫ. ਫਾਈਲਾਂ ਬਣਾ ਕੇ ਆਨ-ਲਾਈਨ ਪਾਉਣ ਲਈ ਹੀ ਹੈ। ਤਰਕਸ਼ੀਲ ਦੀ ਸਮਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਹਨ।

I Hem Raj Steno, owner and publisher of Tarksheel, hereby grant permission to Stalinjit Singh (V.P.O. Doad, Distt. Faridkot) to upload online all issues of Tarksheel in PDF format. This permission is only for uploading issues online in PDF format. The copyright and all other rights for Tarksheel's content remains with Tarksheel Society Punjab (Regd).

ਦਸਤਖ਼ਤ – Signature ..........................

ਪਤਾ – Address : Tarksheel Bhawan

Tarksheel Chowk, Sanghera Bypass

BARNALA-148101 (Punjab)

ਮਿਤੀ - Date : 14-10-2022

*ਸੰਪਾਦਕੀ ਬੋਰਡ*

ਜੀਵਨ ਲਾਲ ਸ਼ਹਿਣਾ
ਪ੍ਰੀਤਮ ਰੁਪਾਲ
ਨਰਿੰਦਰ ਪਿੰਡੀ
ਅਮਰਜੀਤ

ਚਿੱਠੀ ਪੱਤਰ ਲਈ ਪਤਾ :-

ਸੰਪਾਦਕ 'ਵਿਗਿਆਨਕ ਵਿਚਾਰ'
ਪੋਸਟ ਬਾਕਸ ਨੰ: 533,
ਮਾਡਲ ਟਾਊਨ, ਲੁਧਿਆਣਾ-2

ਚੰਦੇ ਭੇਜਣ ਲਈ
ਜੀਵਨ ਲਾਲ ਸ਼ਹਿਣਾ
ਸੁਖਾਨੰਦ ਬਸਤੀ
ਤਪਾ-148108

ਸਲਾਨਾ ਚੰਦਾ : 15 ਰੁਪੈ

ਪ੍ਰਕਾਸ਼ਕ : ਮਾਲਕ, ਤੇ ਪ੍ਰਿੰਟਰ ਪ੍ਰਕਾਸ਼ਕ ਅਮੀਰਜੀਤ ਸਿੰਘ ਨੇ ਹਗਰ-ਮਗਰ ਪ੍ਰਿੰਟਰਜ਼ ਜੰਮੂ ਕਲੋਨੀ ਗਲੀ ਨੰ: 5 ਲੁਧਿਆਣਾ ਤੋਂ ਛਪਵਾ ਕੇ ਰੈਸ਼ਨੇਲਿਸਟ ਸੁਸਾਇਟੀ ਪੰਜਾਬ ਵਾਸਤੇ ਪਿੰਡ ਤੇ ਡਾਕਖਾਨਾ ਸੀਹਾਂ ਦੌਦ ਜ਼ਿਲਾ ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ ।

# ਸੰਪਾਦਕੀ

ਕਦੇ ਪੰਜਾਬ ਤੇ ਕਦੇ ਦਿੱਲੀ, ਕਦੇ ਅਹਿਮਦਾਬਾਦ ਤੇ ਕਦੇ ਮੇਰਠ, ਧਰਮ ਦੇ ਆਧਾਰ ਤੇ ਵੱਖ ਵੱਖ ਫਿਰਕਿਆਂ ਵਿੱਚ ਹੁੰਦੀ ਕਤਲੋਗਾਰਦ ਅਤੇ ਦੰਗੇ ਫਸਾਦਾਂ ਦੀਆਂ ਖਬਰਾਂ ਸਾਡੇ ਅਖਬਾਰਾਂ ਦੀ ਵੱਧ ਤੋਂ ਵੱਧ ਥਾਂ ਘੇਰਦੀਆਂ ਜਾ ਰਹੀਆਂ ਹਨ । ਇਸ ਵਧ ਰਹੀ ਫਿਰਕਾਪ੍ਰਸਤੀ ਅਤੇ ਧਰਮ ਦੇ ਆਧਾਰ ਤੇ ਹੁੰਦੇ ਸਾਧਾਰਣ ਲੋਕਾਂ ਦੇ ਕਤਲ, ਦੰਗੇ, ਲੁਟਮਾਰ, ਬਲਾਤਕਾਰ ਤੇ ਹੋਰ ਵਹਿਸ਼ੀ ਘਟਨਾਵਾਂ ਹਰ ਸਹੀ ਸੋਚ ਵਾਲੇ ਮਨੁੱਖ ਨੂੰ ਝੰਜੋੜ ਰਹੀਆਂ ਹਨ ਅਤੇ ਉਸਨੂੰ ਮਜਬੂਰ ਕਰਦੀਆਂ ਹਨ ਕਿ ਇਸ ਫਿਰਕੂ ਜ਼ਹਿਰ ਤੇ ਧਾਰਮਿਕ ਕਟੜਤਾ ਖਿਲਾਫ ਕੁਝ ਕੀਤਾ ਜਾਵੇ । ਪਰ ਜਿਵੇਂ ਸਮਾਜੀ ਜੀਵਨ ਦੀਆਂ ਹੋਰ ਸਮਸਿਆਵਾਂ ਦੇ ਹੱਲ ਕਰਨ ਬਾਰੇ ਦੋ ਪਹੁੰਚਾਂ ਜਾਂ ਢੰਗ-ਤਰੀਕੇ ਹੁੰਦੇ ਹਨ, ਉਸੇ ਤਰ੍ਹਾਂ ਇਸ ਫਿਰਕਾਪ੍ਰਸਤੀ ਦੀ ਸਮਸਿਆ ਦਾ ਵਿਰੋਧ ਤੇ ਹੱਲ ਕਰਨ ਬਾਰੇ ਵੀ ਦੋ ਢੰਗ ਸਾਹਮਣੇ ਆਉਂਦੇ ਹਨ ।

ਇੱਕ ਪਾਸੇ ਆਦਰਸ਼ਵਾਦੀ ਸੋਚ ਵਾਸਤੇ ਵਿਅਕਤੀ ਸਮਝਦੇ ਹਨ ਕਿ ਫਿਰਕੂ ਸਦਭਾਵਨਾ ਦੇ ਲੇਖ ਲਿਖਕੇ, ਅਖਬਾਰਾਂ ਵਿੱਚ ਬਿਆਨ ਦੇਕੇ, ਮਨੁੱਖਤਾਵਾਦੀ ਕਦਰਾਂ ਕੀਮਤਾਂ ਦੀ ਹਾਲ ਦੁਹਾਈ ਪਾ ਕੇ, ਅਮਨ ਮਾਰਚ ਤੇ ਸ਼ਾਂਤੀ ਯਾਤਰਾਵਾਂ ਕਰਕੇ (ਜੋ ਬਹੁਤੀ ਵਾਰ ਤਾਂ ਸਿਆਸੀ ਸਟੰਟ ਹੀ ਹੁੰਦੀਆਂ ਹਨ) 'ਹਿੰਦੂ ਸਿੱਖ ਏਕਤਾ ਜਿੰਦਾਬਾਦ' 'ਹਿੰਦੂ-ਮੁਸਲਿਮ ਏਕਤਾ ਜਿੰਦਾਬਾਦ,' 'ਹਿੰਦੂ ਮੁਸਲਿਮ ਸਿੱਖ ਈਸਾਈ, ਆਪਸ ਮੇਂ ਸਭ ਭਾਈ ਭਾਈ' ਆਦਿ ਨਾਹਰੇ ਲਾਕੇ ਉਹ ਫਿਰਕਾਪ੍ਰਸਤੀ ਨੂੰ ਖਤਮ ਅਤੇ ਵੱਖ ਵੱਖ ਧਰਮਾਂ ਵਿਚਕਾਰ ਵੱਧ ਰਹੀ ਧਾਰਮਿਕ ਤੰਗਨਜ਼ਰੀ ਤੇ ਦੰਗੇ ਫਸਾਦਾਂ ਨੂੰ ਠੱਲ੍ਹ ਪਾਉਣ ਵਿੱਚ ਕਾਮਯਾਬ ਹੋ ਜਾਣਗੇ । ਇਹਨਾਂ ਲੋਕਾਂ ਦੀਆਂ ਇਹ ਕੋਸ਼ਿਸ਼ਾਂ ਹਾਂ-ਪੱਖੀ ਕਦਮ ਤਾਂ ਜਰੂਰ ਹਨ ਅਤੇ ਇਹ ਲੋਕ ਰਾਇ ਨੂੰ ਇਸ ਧਾਰਮਿਕ ਵਹਿਸ਼ੀਪੁਣੇ ਦੇ ਖਿਲਾਫ ਚੇਤੰਨ ਕਰਨ ਵਿੱਚ ਵੀ ਆਪਣਾ ਹਿੱਸਾ ਪਾਉਂਦੀਆਂ ਹਨ । ਪਰ ਅਸੀਂ ਆਪਣੇ ਤਜਰਬੇ ਵਿੱਚੋਂ ਜਾਣਦੇ ਹਾਂ ਕਿ ਇਹਨਾਂ ਕੋਸ਼ਿਸ਼ਾਂ ਦੇ ਕੋਈ ਅਜਿਹੇ ਸਾਰਥਿਕ ਸਿੱਟੇ ਨਹੀਂ ਨਿਕਲਦੇ ਕਿ ਇਸ ਸਮਸਿਆ ਦਾ ਖਾਤਮਾ ਕੀਤਾ ਜਾ ਸਕਦਾ ਹੋਵੇ । ਅੱਜ ਅਸੀਂ ਪੰਜਾਬ ਦੇ ਲੋਕ ਜੋ ਧਾਰਮਿਕ ਮੂਲਵਾਦ ਅਤੇ ਫਿਰਕਾਪ੍ਰਸਤੀ ਦੇ ਸੰਤਾਪ ਨੂੰ ਸਭ ਤੋਂ ਵਧ ਹੰਢਾ ਰਹੇ ਹਾਂ, ਦੇ ਸਾਹਮਣੇ ਹੈ ਕਿ ਪਿਛਲੇ ਸਮੇਂ ਵਿਚ ਐਨਾ ਕੁਝ ਇਹਨਾਂ ਬੁਰਾਈਆਂ ਦੇ ਖਿਲਾਫ ਲਿਖਣ, ਸੁਹਿਰਦ ਬੁਧੀਜੀਵੀਆਂ ਵਲੋਂ ਅਪੀਲਾਂ ਕਰਨ ਅਤੇ ਵੱਖ ਵੱਖ ਸਾਧਨਾਂ ਰਾਹੀਂ ਫਿਰਕੂ ਏਕਤਾ ਦਾ ਮਣਾਂ ਮੂੰਹੀ ਪ੍ਰਚਾਰ ਹੋਣ ਦੇ ਬਾਵਜੂਦ, ਹਾਲਤ ਨਾ ਸਿਰਫ ਜਿਉਂ ਦੀ ਤਿਉਂ ਬਣੀ ਹੋਈ ਹੈ ਸਗੋਂ ਫਿਰਕਾਪ੍ਰਸਤੀ ਦਾ ਵਰਤਾਰਾ ਘਟਣ ਦੀ ਬਜਾਏ ਵਧਦਾ ਗਿਆ ਹੈ ।

ਇਸੇ ਤਰ੍ਹਾਂ ਫਿਰਕਾਪ੍ਰਸਤੀ ਦੇ ਭਿਆਨਕ ਅਣਮਨੁੱਖੀ ਰੂਪ ਤੋਂ ਘਬਰਾਏ ਹੋਏ ਬਹੁਤ ਸਾਰੇ ਲੋਕ ਇਸਦੇ ਹੱਲ ਲਈ ਸਰਕਾਰੀ ਜਬਰ ਤਸ਼ੱਦਦ 'ਤੇ ਆਸਾਂ ਰਖਦੇ ਹਨ । ਪਰ ਸਰਕਾਰੀ ਰਾਜ ਮਸ਼ੀਨਰੀ (ਪੁਲਸ, ਫੌਜ) ਆਦਿ ਦੀ ਤਾਕਤ ਦੇ ਦਬਾ ਨਾਲ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ ਕੀਤਾ ਜਾ ਸਕਦਾ । ਸਥਾਈ ਹੱਲ ਤਾਂ ਇਕ ਪਾਸੇ, ਬਹੁਤੀ ਵਾਰ ਇਹ ਢੰਗ ਇਸਨੂੰ ਵਕਤੀ ਤੌਰ ਤੇ ਨਜਿਠਣ ਦੇ ਵੀ ਅਸਮਰਥ ਸਿੱਧ ਹੋ ਜਾਂਦਾ ਹੈ । ਹਕੂਮਤੀ ਜਬਰ ਉੱਤੇ ਟੇਕ ਰੱਖਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਰਾਜ ਭਾਗ 'ਤੇ ਕਾਬਜ ਹਾਕਮ ਜੋ ਸਮਸਿਆ ਨੂੰ ਇਸ ਤਰ੍ਹਾਂ ਹੱਲ ਕਰਨ ਦਾ ਢਕਵੰਜ ਰਚਦੇ ਹਨ, ਅਸਲ ਵਿੱਚ ਇਸ ਫਿਰਕਾਪ੍ਰਸਤੀ ਨੂੰ ਪੈਦਾ ਕਰਨ ਵਾਲੇ ਵੀ ਉਹੀ ਹਨ । ਸੋ ਸਾਨੂੰ ਮਸਲੇ ਦੀ ਤਹਿ ਤੱਕ ਜਾਣਾ ਚਾਹੀਦਾ ਹੈ ।

ਅਸੀਂ ਜਾਣਦੇ ਹਾਂ ਕਿ ਜੇ ਕਿਸੇ ਬੂਟੇ ਨੂੰ ਸਚਮੁੱਚ ਹੀ ਖਤਮ ਕਰਨਾ ਹੋਵੇ ਤਾਂ ਸਾਨੂੰ ਉਸਦੀਆਂ ਜੜ੍ਹਾਂ ਨੂੰ ਲੱਭ ਕੇ ਪੁਟਣਾਂ ਪਵੇਗਾ । ਜੇ ਅਸੀਂ ਉਸਦੇ ਕੇਵਲ ਟਾਹਣੀਆਂ ਜਾਂ ਪੱਤੇ ਹੀ ਛਾਂਗੀ ਜਾਵਾਂਗੇ ਤਾਂ ਕੋਈ ਲਾਭ ਨਹੀਂ ਹੋਣ ਲੱਗਾ, ਕਿਉਂਕਿ ਸਮਾਂ ਪਾ ਕੇ ਉਹ ਫੇਰ ਫੁੱਟ ਆਉਣਗੀਆਂ ਤੇ ਵਧੇਰੇ ਫੈਲਰਣਗੀਆਂ । ਇਸੇ ਤਰ੍ਹਾਂ ਫਿਰਕਾਪ੍ਰਸਤੀ ਤੇ ਧਾਰਮਿਕ ਕੱਟੜਪੁਣੇ ਨੂੰ ਖਤਮ ਕਰਨ ਲਈ ਵੀ ਸਾਨੂੰ ਇਸ ਵਰਤਾਰੇ ਦੀਆਂ ਜੜ੍ਹਾਂ ਨੂੰ ਫਰੋਲ ਕੇ ਖਤਮ ਕਰਨ ਵੱਲ ਵਧਣਾ ਪਵੇਗਾ ।

ਜਦ ਅਸੀਂ ਫਿਰਕਾਪ੍ਰਸਤੀ ਤੇ ਧਾਰਮਿਕ ਮੂਲਵਾਦ ਦੇ ਪੈਦਾ ਹੋਣ ਤੇ ਫੈਲਰਣ ਦੇ ਵਰਤਾਰੇ ਦੇ ਮਗਰ ਛਿਪੇ ਕਾਰਣਾਂ ਨੂੰ ਘੋਖਦੇ ਹਾਂ ਤਾਂ ਇਹਨਾਂ ਵਿਚੋਂ ਇੱਕ ਗੱਲ ਤਾਂ ਹਰ ਸਾਧਾਰਣ ਸੂਝ ਰੱਖਣ ਵਾਲੇ ਵਿਅਕਤੀ ਤੱਕ ਵੀ ਸਾਫ ਹੋ ਰਹੀ ਹੈ ਕਿ ਇਸ ਸਾਰੇ ਵਰਤਾਰੇ ਪਿਛੇ ਹਾਕਮ ਜਮਾਤਾਂ ਦੀ ਸਿਆਸਤ ਦਾ ਬਹੁਤਾ ਹੱਥ ਹੈ । ਘਟੀਆ ਸਿਆਸਤ ਤੇ ਸਿਆਸਤਦਾਨਾਂ ਵਲੋਂ ਕਿਵੇਂ ਧਾਰਮਿਕ ਫਿਰਕਾਪ੍ਰਸਤੀ ਨੂੰ ਵਧਾਇਆ, ਫੈਲਾਇਆ ਅਤੇ ਵਰਤਿਆਂ ਜਾਂਦਾ ਹੈ ਇਹ ਗੱਲ ਕਿਸੇ ਬਹੁਤੀ ਵਿਆਖਿਆ ਦੀ ਮੁਥਾਜ ਨਹੀਂ । ਪਰ ਇਸਦੇ ਨਾਲ ਹੀ ਇਸਤੋਂ ਅਗਲੀ ਹੋਰ ਗੱ ਵੀ ਸਮਝਣ ਦੀ ਲੋੜ ਹੈ ਕਿ ਕਿਸੇ ਸਮੇਂ ਜੋ ਸਿਆਸਤ ਚੱਲ ਰਹੀ ਹੁੰਦੀ ਹੈ ਉਹ ਉਸ ਸਮੇਂ ਦੀਆਂ ਆਰਥਿਕ ਹਾਲਤਾਂ ਦੇ ਆਧਾਰ 'ਤੇ ਹੀ ਉਸਰੀ ਹੁੰਦੀ ਹੈ । ਯਾਨੀ ਉਸ ਸਮੇਂ ਦੀਆਂ ਸਾਮਾਜਿਕ ਆਰਥਿਕ ਹਾਲਤਾਂ ਹੀ ਉਸ ਸਿਆਸਤ ਦੇ ਪਨਪਣ ਅਤੇ ਜਾਰੀ ਰਹਿਣ ਲਈ ਆਧਾਰ ਮੁਹਈਆਂ ਕਰਦੀਆਂ ਹਨ ਅਤੇ ਇਹੀ ਗੱਲ ਅੱਜ ਦੀ ਫਿਰਕੂ ਸਿਆਸਤ ਤੇ ਲਾਗੂ ਹੁੰਦੀ ਹੈ ।

ਅੱਜ ਸਾਡੇ ਦੇਸ਼ ਦੀ ਆਮ ਜਨਤਾ ਤਰ੍ਹਾਂ ਤਰ੍ਹਾਂ ਦੀ ਦੇਸੀ ਤੇ ਬਦੇਸ਼ੀ ਲੁੱਟ ਦਾ ਸ਼ਿਕਾਰ ਹੈ । ਪੈਦਾਵਾਰ ਦੇ ਸਾਧਨਾਂ (ਜ਼ਮੀਨ ਜਾਇਦਾਦ ਆਦਿ) ਦੀ ਅਸਾਵੀਂ ਵੰਡ, ਸਰਮਾਏਦਾਰਾਂ ਦੇ ਅਥਾਹ ਮੁਨਾਫੇ, ਬਦੇਸ਼ੀ ਕੰਪਨੀਆਂ ਤੇ ਸਾਮਰਾਜੀ ਮੁਲਕਾਂ ਵਲੋਂ ਕੀਤੀ ਜਾਂਦੀ ਬੇਥਾਹ ਲੁੱਟ ਸਦਕਾ ਦੇਸ਼ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੈ । ਜਿਸਦੇ ਸਿੱਟੇ ਵਜੋਂ ਬੇਰੁਜ਼ਗਾਰੀ, ਭੁਖਮਰੀ ਅਤੇ ਜੀਵਨ ਦੀਆਂ ਮੁਢਲੀਆਂ ਲੋੜਾਂ ਵੀ ਠੀਕ ਢੰਗ ਨਾਲ ਪੂਰੀਆਂ ਨਾ ਹੋਣ ਕਾਰਣ ਲੋਕ ਬੇਚੈਨੀ ਵਧ ਰਹੀ ਹੈ । ਲੋਕਾਂ ਅੱਗੇ ਲੜਨ ਮਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚ ਰਿਹਾ । ਆਰਥਿਕ ਰਾਜਨੀਤਿਕ ਸੰਕਟ ਦੇ ਤਿੱਖੇ ਹੋਣ ਸਦਕਾ ਸ਼ਾਂਤਮਈ ਸਮਿਆਂ ਦਾ ਦੌਰ ਬੀਤ ਚੁੱਕਾ ਹੈ । ਪਰ......

ਪਰ ਇਸ ਲੋਕ ਬੇਚੈਨੀ ਨੂੰ ਠੀਕ ਦਿਸ਼ਾ ਵਿੱਚ ਅਗਵਾਈ ਦੇ ਕੇ ਸਹੀ ਦੁਸ਼ਮਣਾਂ ਦੇ ਖਿਲਾਫ ਵਰਤਣ ਲਈ ਇੱਕ ਅਜਿਹੀ ਯੋਗ ਇਨਕਲਾਬੀ ਲੀਡਰਸ਼ਿਪ ਦੀ ਘਾਟ ਹੈ ਜੋ ਇਹਨਾਂ ਭੈੜੀਆਂ ਹਾਲਤਾਂ ਦੀਆਂ ਸਹੀ ਜਿਮੇਂਵਾਰ ਤਾਕਤਾਂ ਨੂੰ ਲੋਕਾਂ ਵਿੱਚ ਨੰਗਾ ਕਰਕੇ ਲੜਾਈ ਨੂੰ
ਖਿਲਾਫ ਸੇਧਿਤ ਕਰ ਸਕੇ । ਇਸੇ ਘਾਟ ਸਦਾ
ਬੇਚੈਨੀ ਨੂੰ ਤਰ੍ਹਾਂ ਤਰ੍ਹਾਂ ਦੇ ਮੌਕਾ ਪ੍ਰਸਤਾਂ
ਧਾਰਮਿਕ ਕਟੜਪੰਥੀਆਂ ਵਲੋਂ
ਲਈ ਵਰਤਿਆ ਜਾ ਰਿ
ਦੇ ਅਸਲੀ ਲੁਟੇ
ਧਰਮ ਦੇ
ਹਾ

ਚੰਡੀਗੜ ਦਾ ਦੱਤਾ ਕਾਂਡ

# ਲਾਸ਼ ਬਾਰੇ ਜਿੰਦਾ ਹੋਣ ਦਾ ਭਰਮ ਪਾਲਣਾ

## ਅੰਧ ਵਿਸਵਾਸ਼ ਦਾ ਨਵਾਂ ਨਮੂੰਨਾ

ਚੰਡੀਗੜ੍ਹ ਦੇ ਇੱਕ ਪੜ੍ਹੇ, ਲਿਖੇ ਪ੍ਰੀਵਾਰ ਵਲੋਂ 22 ਮਹੀਨੇ ਪਹਿਲਾਂ ਮਰੇ ਹੋਏ ਵਣ ਵਿਭਾਗ ਦੇ ਇੱਕ ਅਧਿਕਾਰੀ ਦੀ ਲਾਸ਼ ਨੂੰ ਜਿੰਦਾ ਕਹਿ ਕੇ ਸਾਂਭੀ ਰੱਖਣ ਦਾ ਮਾਮਲਾ ਮਈ ਮਹੀਨੇ ਦੇ ਸ਼ੁਰੂ ਵਿੱਚ ਹੀ ਸਾਹਮਣੇ ਆਇਆ ਜਦ ਇਸ ਬਾਰੇ ਪ੍ਰੈਸ ਵਿੱਚ ਹਰ ਰੋਜ਼ ਵੱਡੀਆਂ ਵੱਡੀਆਂ ਸਨਸਨੀ ਖੇਜ ਖਬਰਾਂ ਲਗਣ ਲੱਗੀਆਂ। ਇਹ ਲਾਸ਼ ਹਿਮਾਚਲ ਪ੍ਰਦੇਸ਼ ਦੇ ਜੰਗਲਾਤ ਨਿਗਮ ਵਿਚ ਸਹਾਇਕ ਵਣ ਰਖਿਆਕ ਅਧਿਕਾਰੀ ਸ਼੍ਰੀ ਰਾਮ ਦੱਤਾ ਦੀ ਸੀ, ਜਿਸਦੀ ਮੌਤ ਜੂਨ 1985 ਵਿੱਚ ਹੋ ਚੁੱਕੀ ਸੀ।

ਮੌਤ ਤੋਂ ਪਹਿਲਾਂ ਦੱਤਾ ਕੁਝ ਦਿਨ ਬੀਮਾਰ ਵੀ ਰਿਹਾ। ਸ੍ਰੀ ਦੱਤਾ ਦੀ ਮੌਤ ਦਾ ਐਲਾਨ ਇਸ ਲਈ ਨਹੀਂ ਸੀ ਕੀਤਾ ਗਿਆਂ ਕਿਉਂਕਿ ਉਸਦੇ ਇੱਕ ਗੁਰੂ ਅਮੀਰ ਚੰਦ ਕੌਸ਼ਲ ਨੇ ਸਾਰੇ ਪਰਿਵਾਰ ਤੇ ਹੋਰ ਦੋਸਤਾਂ ਨੂੰ ਇਹ ਯਕੀਨ ਦਿਵਾਇਆ ਸੀ ਕਿ ਦੱਤਾ ਅਸਲ ਵਿੱਚ ਮਰਿਆ ਨਹੀਂ ਸਗੋਂ ਇਹ ਬੇਹੋਸ਼ ਹੋਇਆ ਹੈ। ਬੀਮਾਰੀ ਦੀ ਹਾਲਤ ਵਿੱਚ ਦੱਤਾ ਆਪਣੇ ਇੱਕ ਦੋਸਤ ਵਣ ਵਿਭਾਗ ਦੇ ਰਿਟਾਇਰਡ ਅਧਿਕਾਰੀ ਬਲਦੇਵ ਸਿੰਘ ਦੇ ਘਰ (ਮਕਾਨ ਨੰ: 747-A ਸੈਕਟਰ-8) ਵਿੱਚ ਸੀ ਅਤੇ ਉਥੇ ਹੀ ਉਸਦੀ ਮੌਤ ਹੋਈ ਦੱਸੀ ਜਾਂਦੀ ਹੈ। ਸ੍ਰੀ ਰਾਮ ਦੱਤਾ, ਬਲਦੇਵ ਸਿੰਘ ਅਤੇ ਉਹਨਾਂ ਦੀਆਂ ਪਤਨੀਆਂ ਚੰਡੀਗੜ੍ਹ ਦੇ ਇਸ ਅਖੌਤੀ ਗੁਰੂ ਅਮੀਰ ਚੰਦ ਕੌਸ਼ਲ ਦੇ 'ਦੈਵੀ' ਪ੍ਰਭਾਵ ਅਧੀਨ ਸਨ। ਜਦੋਂ ਤੱਕ ਦੱਤਾ ਦੀ ਮੌਤ ਦਾ ਰਹੱਸ ਲੋਕਾਂ ਸਾਹਮਣੇ ਨਹੀਂ ਆਇਆ, ਦੱਤਾ ਪਰਿਵਾਰ ਅਤੇ ਬਲਦੇਵ ਸਿੰਘ, ਕੌਸ਼ਲ ਗੁਰੂ ਤੋਂ ਹੀ ਉਸਦਾ 'ਇਲਾਜ' ਕਰਵਾਉਂਦੇ ਰਹੇ।

### ਮਾਮਲੇ ਦਾ ਲੋਕਾਂ ਸਾਹਮਣੇ ਆਉਣਾ :

ਦੱਤਾ ਦੀ ਮੌਤ ਦਾ ਮਾਮਲਾ ਉਸ ਵੇਲੇ ਉਭਰ ਕੇ ਸਾਹਮਣੇ ਆਇਆ ਜਦੋਂ ਵਣ ਵਿਭਾਗ ਨੇ ਉਸਦੀ ਦਫਤਰ ਵਿਚੋਂ ਲਗਾਤਾਰ ਗੈਰ ਹਾਜਰੀ ਬਾਰੇ ਜਾਂਚ ਕੀਤੀ। ਦੱਤਾ 15 ਜੂਨ 1985 ਤੋਂ ਦਫਤਰੋਂ ਗੈਰ ਹਾਜਰ ਸੀ ਅਤੇ ਮਹਿਕਮੇ ਨੂੰ ਉਸਦੀ ਪਤਨੀ ਕਮਲੇਸ਼ ਦੱਤਾ ਵੱਲੋਂ ਲੰਬੀ ਬੀਮਾਰੀ ਦੀਆਂ ਅਰਜ਼ੀਆਂ ਮਿਲਦੀਆਂ ਰਹੀਆਂ ਉਹਨਾਂ ਅਰਜ਼ੀਆਂ ਮੁਤਾਬਿਕ ਦੱਤਾ ਕੌਮਾ (ਅਚੇਤ ਅਵਸਥਾ) ਵਿੱਚ ਸੀ। ਜਦੋਂ ਜੰਗਲਾਤ ਮਹਿਕਮੇ ਵੱਲੋਂ ਬੀਮਾਰੀ ਦੀ ਛੁੱਟੀ ਲਈ ਡਾਕਟਰੀ ਸਰਟੀਫਿਕੇਟ ਦੀ ਮੰਗ ਕੀਤੀ ਗਈ ਤਾਂ ਕੌਸ਼ਲ ਗੁਰੂ ਦੇ ਇਲਾਜ ਦਾ ਜਿਕਰ ਕੀਤਾ ਗਿਆ। ਮਹਿਕਮੇ ਨੂੰ ਦਾਲ ਵਿੱਚ ਕੁਝ ਕਾਲਾ ਲਗਿਆ ਤਾਂ ਉਹਨਾਂ ਆਪਣੇ ਅਧਿਕਾਰੀਆਂ ਨੂੰ ਚੰਡੀਗੜ੍ਹ ਜਾ ਕੇ ਸ੍ਰੀ ਰਾਮ ਦੱਤਾ ਨੂੰ ਬੀਮਾਰੀ ਦੀ ਹਾਲਤ 'ਚ ਦੇਖਣ ਲਈ ਕਿਹਾ। ਪਰ ਘਰਦਿਆਂ ਵਲੋਂ ਮਹਿਕਮੇ ਦੇ ਸਹਾਇਕ ਵਣ ਰਖਿਅਕ ਸ੍ਰੀ ਜੀ.ਕੇ. ਸ਼ਰਮਾ ਨੂੰ ਦੱਤਾ ਨੂੰ ਵੇਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮਹਿਕਮੇ ਨੇ ਅਖੀਰ ਇਹ ਕੇਸ ਹਿਮਾਚਲ ਸੀ. ਆਈ. ਡੀ.

## —'ਗੁਰੂ' ਕੌਸ਼ਲ ਨਾਲ ਸੁਸਾਇਟੀ ਮੈਂਬਰਾਂ ਦੀ ਗੱਲਬਾਤ—

? ਦੱਤਾ ਦੀ ਲਾਸ਼ ਨੂੰ ਅਖਬਾਰਾਂ ਵਿੱਚ ਜਿਉਂਦੇ ਹੋਣ ਬਾਰੇ ਛਪਿਆ ਹੈ। ਉਸ ਸਬੰਧੀ ਤੁਹਾਡਾ ਕੀ ਵਿਚਾਰ ਹੈ।

—ਲਾਸ਼ ! (ਹੈਰਾਨੀ ਪ੍ਰਗਟ ਕਰਦਾ ਬੋਲਿਆ) ਲਾਸ਼ ਨਹੀਂ ਉਹ ਜਿਉਂਦਾ ਹੈ।

? ਤਾਂ ਫਿਰ ਅਧਿਆਤਮਕ ਬੇਹੋਸ਼ੀ ਵਿੱਚ ਹੈ ?

—ਨਹੀਂ ਮੈਂ ਇਹ ਨਹੀਂ ਕਹਿੰਦਾ, ਮੈਂ ਤੇ ਕਹਿੰਦਾ ਹਾਂ ਕਿ ਉਹ (ਦੱਤਾ) ਬੀਮਾਰੀ ਦੀ ਉਸ ਸਟੇਜ ਵਿੱਚ ਹੈ ਜਿਸ ਵਿੱਚ ਨਾ ਉਹ ਖਾ ਸਕਦਾ ਹੈ, ਨਾ ਪੀ ਸਕਦਾ ਹੈ, ਨਾ ਸੁਣ ਸਕਦਾ ਤੇ ਨਾ ਬੋਠ ਸਕਦਾ ਹੈ। ਮੈਡੀਕਲ ਸਾਇੰਸ ਦੇ ਘੇਰੇ ਤੋਂ ਬਾਹਰ ਹੈ। ਉਸਦਾ ਇਲਾਜ ਸਿਰਫ ਅਧਿਆਤਮਕ ਢੰਗ ਨਾਲ ਹੀ ਹੋ ਸਕਦਾ ਹੈ।

? ਕਦ ਹੋਵੇਗਾ ?

— ਜਦ ਵਿਸ਼ਵ ਸਿਹਤ ਸੰਸਥਾ ਦਾ ਡਾਇਰੈਕਟਰ ਮੇਰੇ ਕੋਲ ਆ ਕੇ ਇੱਕ ਕੱਪ ਦੁੱਧ ਦਾ ਪੀਵੇਗਾ, ਉਸ ਦਿਨ।

? ਇਸ ਕੇਸ ਦਾ ਵਿਸ਼ਵ ਸਿਹਤ ਸੰਸਥਾ ਦੇ ਡਾਇਰੈਕਟਰ ਆਉਣ ਨਾਲ ਕੀ ਸਬੰਧ ? ਕੀ ਅਜਿਹਾ ਕਹਿ ਕੇ ਤੁਸੀਂ ਫੋਕੀ ਸ਼ੁਹਰਤ ਨਹੀਂ ਭਾਲ ਰਹੇ ?

—ਇਹ ਤੇ ਮੈਨੂੰ ਪਰਮਾਤਮਾ ਨੇ ਹੁਕਮ ਦਿੱਤਾ ਹੈ ਕਿ ਜਿਸ ਦਿਨ ਤੇਰੇ ਕੋਲ W.H.O. ਦਾ ਡਾਇਰੈਕਟਰ ਆ ਕੇ ਇੱਕ ਕੱਪ ਦੁੱਧ ਦਾ ਪੀਵੇਗਾ ਉਸ ਦਿਨ ਤੂੰ ਇਹਨਾਂ ਨੂੰ ਠੀਕ ਕਰ ਦੇਵੇਂਗਾ। ਨਾਲੇ ਮੈਂ ਚਾਹੁੰਨਾਂ ਹਾਂ ਕਿ ਇਹ ਗੱਲ ਪੂਰੇ ਵਿਸ਼ਵ ਵਿੱਚ ਫੈਲੇ ਕਿ ਮੈਡੀਕਲ ਸਾਇੰਸ ਤੋਂ ਅੱਗੇ ਅਧਿਆਤਮਵਾਦੀ ਸਾਇੰਸ ਹੈ

? ਜਿਹੜੇ ਪਰਮਾਤਮਾ ਨੇ ਤੁਹਾਨੂੰ ਇਹ ਹੁਕਮ ਦਿੱਤਾ ਉਹ ਡਾਇਰੈਕਟਰ ਨੂੰ ਇਥੇ ਕਿਉਂ ਨਹੀਂ ਭੇਜਦਾ ?

—ਇਹ ਉਸਦੀ ਮਰਜ਼ੀ ਐ।

? ਜੇ WHO (ਵਿਸ਼ਵ ਸਿਹਤ ਸੰਸਥਾ) ਦਾ ਡਾਇਰੈਕਟਰ ਨਾ ਆਇਆ ਫਿਰ ?

—ਫਿਰ ਕੋਈ ਹੋਰ ਹੱਲ ਦੱਸੇਗਾ।

? ਕੀ ਡਾਇਰੈਕਟਰ ਦੇ ਆਉਣ ਦੀ ਗੱਲ ਇਉਂ ਨਹੀਂ ਜਾਪਦੀ, ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ।

—ਨਹੀਂ...ਨਹੀਂ, ਇਉਂ ਨਹੀਂ। ਤੁਸੀਂ ਤੇ ਛੋਟੀ ਗੱਲ ਕਰਦੇ ਹੋ।

? 64 ਮਹੀਨਿਆਂ ਤੋਂ ਗਰਭਵਤੀ ਔਰਤ ਬਾਰੇ ਤੁਹਾਡਾ ਖਿਆਲ ਹੈ ?

— ਉਹ ਠੀਕ ਹੈ। ਉਸਨੂੰ ਲੜਕਾ ਹੋਵੇਗਾ।

? ਪਰ ਕਦੋਂ

— ਇਹ ਗੱਲ ਭੀ WHO ਦੇ ਡਾਇਰੈਕਟਰ ਨਾਲ ਜੁੜੀ ਹੋਈ ਹੈ। ਇਸ ਦੇ ਨਾਲ ਮੇਰੇ ਪੋਤੇ ਦਾ ਕੇਸ ਵੀ ਹੈ ਜਿਸਦੀ ਅੱਖ ਵਿੱਚ ਏਅਰਗੰਨ ਦਾ ਛਰ੍ਹਾ ਲੱਗਿਆ ਸੀ। ਉਸਦੀ ਅੱਖ ਵੀ ਉਸ ਦਿਨ ਠੀਕ ਹੋਵੇਗੀ, ਜਿਸ ਦਿਨ ਡਾਇਰੈਕਟਰ ਮੇਰੇ ਕੋਲ ਆਵੇਗਾ।

? ਕੀ ਤੁਸੀਂ ਉਸ ਔਰਤ (ਦਲਜੀਤ ਕੌਰ ਪਤਨੀ ਬਲਦੇਵ ਸਿੰਘ) ਦੇ ਪਿਸ਼ਾਬ ਦਾ ਸੈਂਪਲ ਦਿਉਗੇ ਤਾਂ ਕਿ ਅਸੀਂ ਇਹ ਟੈਸਟ ਕਰਵਾ ਸਕੀਏ ਕਿ ਉਹ ਗਰਭਵਤੀ ਹੈ ਵੀ ਕਿ ਨਹੀਂ। ਕਿਉਂਕਿ 64 ਮਹੀਨਿਆਂ ਤੋਂ ਗਰਭਵਤੀ ਹੋਵੇ ਤੇ ਹੁਣ ਤੀਕ ਬੱਚਾ ਨਾ ਹੋਵੇ ਇਹ ਗੱਲ ਕਿਸੇ ਤਰਕਸ਼ੀਲ ਵਿਅਕਤੀ ਦੀ ਸੰਤੁਸ਼ਟੀ ਨਹੀਂ ਕਰਵਾਉਂਦੀ ਹੈ।

— ਤੁਸੀਂ ਤੇ ਛੋਟੀ ਗੱਲ ਕਰਦੇ ਹੋ, ਮੈਂ ਸਪਿਰਚੂਅਲ ਕਰਦਾ, ਉਸ ਵਿੱਚ ਮੈਡੀਕਲ ਟੈਸਟਾਂ ਨੂੰ ਕੋਈ ਥਾਂ ਨਹੀਂ।

? ਭੁਪਾਲ ਗੈਸ ਕਾਂਡ ਦੇ ਪੀੜਤਾਂ ਨੂੰ ਠੀਕ ਕਰਨ ਦਾ ਦਾਅਵਾ ਤੁਹਾਡਾ ਹੈ ?

— ਹਾਂ ਮੇਰਾ ਹੈ। ਪਹਿਲਾਂ ਮੈਂ 10 ਪੀੜਤਾਂ ਨੂੰ ਤਜਰਬੇ ਲਈ ਠੀਕ ਕੀਤਾ, ਉਸਤੋਂ ਬਾਅਦ 80 ਤੇ ਫਿਰ ਅਗਲੀ ਵਾਰ 1000 ਮਰੀਜ਼ਾਂ ਨੂੰ ਇੱਕਠੇ ਠੀਕ ਕੀਤਾ। ਫਿਰ ਪਰਮਾਤਮਾ ਨੇ ਮੈਨੂੰ ਹੁਕਮ ਦਿੱਤਾ ਹੈ ਕਿ ਹੁਣ ਤੂੰ ਕੋਈ ਪੀੜਤ ਠੀਕ ਨਹੀਂ ਕਰ ਸਕੇਂਗਾ ਜਦ ਤੀਕ ਯੂਨੀਅਨ ਕਾਰਬਾਈਡ ਦਾ ਚੇਅਰਮੈਨ ਤੇਰੇ ਕੋਲ ਚੰਡੀਗੜ੍ਹ ਆ ਕੇ ਇੱਕ ਕੱਪ ਚਾਹ ਦਾ ਨਹੀਂ ਪੀ ਲੈਂਦਾ।

? ਤੁਸੀਂ ਆਪਣੇ ਮਿਸ਼ਨ ਨੂੰ ਵਿਗਿਆਨਕ ਢੰਗ ਨਾਲ ਸਪਸ਼ਟ ਕਰੋ ਸ਼ਾਇਦ ਅਸੀਂ ਵੀ ਤੁਹਾਡੇ ਨਾਲ ਰਲ ਜਾਈਏ

— ਆਓ, ਮੈਂ ਤੇ ਕੋਹਣਾ ਤੁਸੀਂ ਸਾਡੇ ਨਾਲ ਆਓ। ਬੜੀ ਖੁਸ਼ੀ ਦੀ ਗੱਲ ਹੋਵੇਗੀ ਪਰ ਮੈਂ ਵਾਧੂ ਗੱਲਾਂ ਦੇ ਜਵਾਬ ਨਹੀਂ ਦੇ ਸਕਦਾ।

? ਦੱਤਾ ਦੀ ਲਾਸ਼ ਨੂੰ ਫ੍ਰਿਜ ਰੱਖਣਾ ਕੀ ਕਤਲ ਦਾ ਨਵਾਂ ਢੰਗ ਤੇ ਨਹੀਂ ?

— ਜੇ ਕਤਲ ਹੋਇਆ ਤਾਂ ਅਸੀਂ ਅੰਦਰ ਹੋ ਜਾਵਾਂਗੇ।

ਬਹਿਸ ਤੂੰ-ਤੂੰ, ਮੈਂ-ਮੈਂ ਵਿੱਚ ਬਦਲ ਗਈ। ਕੌਸ਼ਲ ਨੂੰ ਚਣੌਤੀਆਂ ਵਾਲਾ ਫਾਰਮ ਦੇ ਕੇ 23 ਸ਼ਰਤਾਂ ਵਿਚੋਂ ਕੋਈ ਇੱਕ ਵੀ ਪੂਰੀ ਕਰਨ ਲਈ ਕਿਹਾ ਗਿਆ। ਪਰ 'ਗੁਰੂ' ਨੇ ਕਿਸੇ ਵੀ ਸ਼ਰਤ ਨੂੰ ਪੂਰੀ ਕਰਨ ਦੀ ਹਾਮੀ ਨਹੀਂ ਭਰੀ।

ਦੇ ਹਵਾਲੇ ਕਰ ਦਿੱਤਾ ਕਿਉਂਕਿ ਮਸਲਾ ਸਿਰਫ ਦੱਤਾ ਨੂੰ ਨੌਕਰੀ ਤੇ ਹਾਜ਼ਰ ਕਰਵਾਉਣ ਦਾ ਹੀ ਨਹੀਂ ਸੀ ਸਗੋਂ ਉਸ ਵੱਲ ਮਹਿਕਮੇ ਦਾ 11.923 ਰੁਪੈ ਦਾ ਬਕਾਇਆ ਵੀ ਸੀ।

ਇਸਤੇ ਹਿਮਾਚਲ ਪ੍ਰਦੇਸ਼ C.I.D. ਦੇ ਇੱਕ ਡੀ. ਐੱਸ. ਪੀ. ਦੇਸ ਰਾਜ ਸ਼ਰਮਾ ਪਹਿਲੀ ਮਈ ਨੂੰ ਚੰਡੀਗੜ੍ਹ ਆ ਪਹੁੰਚੇ। ਬਲਦੇਵ ਸਿੰਘ ਨੇ ਉਹਨਾਂ ਨੂੰ ਦੱਤਾ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਪਰ ਉਹ ਆਪਣੇ ਆਪ ਹੀ ਬੈੱਡ ਰੂਮ ਵਿੱਚ ਦਾਖਲ ਹੋ ਗਏ। ਉਥੇ ਡਬਲ-ਬੈੱਡ ਉੱਤੇ ਇਹ ਪਿੰਜਰ ਬਣੀ ਲਾਸ਼ ਪਈ ਸੀ।

ਤਦ ਬਲਦੇਵ ਸਿੰਘ ਨੇ D.S.P. ਸ਼ਰਮਾਂ ਨੂੰ ਕਿਹਾ "ਇਹੀ ਮਿਸਟਰ ਦੱਤਾ ਹਨ ਜੋ ਸਾਡੇ ਗੁਰੂ ਦੀ ਕ੍ਰਿਪਾ ਨਾਲ ਜਲਦੀ ਠੀਕ ਹੋ ਜਾਣਗੇ।"

"ਇਸ ਪਿੰਜਰ ਨੂੰ ਜਿੰਦਾ ਆਦਮੀ ਕਹਿੰਦੇ ਤੁਹਾਨੂੰ ਸ਼ਰਮ ਨਹੀਂ ਆਉਂਦੀ। ਖਬਰੇ ਇਸ ਨਾਟਕ ਪਿੱਛੇ ਕੀ ਰਹੱਸ ਹੈ।" ਇਹ ਕਹਿ ਕੇ ਸ੍ਰੀ ਸ਼ਰਮਾ ਬੰਗਲੇ ਤੋਂ ਬਾਹਰ ਹੋ ਗਿਆ ਅਤੇ ਪੁਲੀਸ ਸਟੇਸ਼ਨ ਜਾ ਕੇ ਸਾਰੀ ਸਥਿਤੀ ਦਰਜ ਕਰਵਾਈ।

ਚੰਡੀਗੜ੍ਹ ਪੁਲਿਸ ਤਾਂ ਇਸ ਬਾਰੇ ਦੁਵਿਧਾ ਵਿੱਚ ਹੀ ਸੀ ਕਿ ਮਾਮਲੇ ਨਾਲ ਕਿਵੇਂ ਨਿਪਟਿਆ ਜਾਵੇ ਪਰ ਪੁਲੀਸ ਦੇ ਕਿਸੇ ਅਧਿਕਾਰੀ ਕੋਲੋਂ ਦੈਨਿਕ ਟ੍ਰਿਬਿਊਨ ਦੇ ਇੱਕ ਪੱਤਰਕਾਰ ਨਰੇਸ਼ ਕੌਸ਼ਲ ਨੂੰ ਇਸ ਮਾਮਲੇ ਬਾਰੇ ਪਤਾ ਲੱਗ ਗਿਆ ਪੱਤਰਕਾਰਾਂ ਨੇ ਜਦ ਅਮੀਰ ਚੰਦ ਕੌਸ਼ਲ ਨਾਲ ਤਾਲ-ਮੇਲ ਕੀਤਾ ਤਾਂ ਉਹਨਾਂ ਨੂੰ ਲਾਸ਼ ਦੇਖਣ ਦੀ ਇਜ਼ਾਜਤ ਮਿਲ ਗਈ ਅਤੇ ਇਸਦੇ ਨਾਲ ਹੀ ਅਗਲੇ ਦਿਨ ਤੋਂ ਸਾਰੇ ਦੇਸ਼ ਦੇ ਅਖਬਾਰਾਂ ਵਿੱਚ ਇਹ ਗੱਲ ਧੁੰਮ ਗਈ ਕਿ ਚੰਡੀਗੜ੍ਹ ਵਿੱਚ ਇੱਕ ਵਿਅਕਤੀ 22 ਮਹੀਨਿਆਂ ਤੋਂ 'ਬੇਹੋਸ਼' ਹੈ। ਕੌਸ਼ਲ ਗੁਰੂ ਨੇ ਆਪਣੀ ਅਧਿਆਤਮਕ ਸ਼ਕਤੀ ਦੇ ਵੱਡੇ ਵੱਡੇ ਦਾਹਵੇ ਸ਼ੁਰੂ ਕਰ ਦਿੱਤੇ।

## ਰੈਸ਼ਨਲਿਸਟ ਸੋਸਾਇਟੀ ਵਲੋਂ ਪੜਤਾਲ ;

ਜਿਥੇ ਚੰਡੀਗੜ੍ਹ ਦੀਆਂ ਕੁਝ ਸ਼ਹਿਰੀ ਜਥੇਬੰਦੀਆਂ ਨੇ ਇਸ 'ਸੱਚ' ਨੂੰ ਜਾਣਨ ਲਈ ਸੰਘਰਸ਼ ਸ਼ੁਰੂ ਕੀਤਾ ਉਥੇ ਰੈਸ਼ਨੇਲਿਸਟ ਸੁਸਾਇਟੀ ਪੰਜਾਬ ਦੇ ਨੁਮਾਇੰਦੇ ਵੀ ਖਬਰ ਪੜ੍ਹਦਿਆਂ ਹੀ ਚੰਡੀਗੜ੍ਹ ਪਹੁੰਚੇ ਅਤੇ ਕੌਸ਼ਲ ਗੁਰੂ ਨੂੰ ਚਣੌਤੀ ਦਿੱਤੀ। ਜਦੋਂ ਤਰਕਸ਼ੀਲ ਸੁਸਾਇਟੀ ਵਲੋਂ ਕੌਸ਼ਲ ਨਾਲ ਇਸ ਮਾਮਲੇ ਬਾਰੇ ਤਰਕਸੰਗਤ ਗੱਲਬਾਤ ਕਰਨੀ ਚਾਹੀ ਤਾਂ ਉਸਨੇ ਇਸਦੀ ਇਜਾਜ਼ਤ ਨਾ ਦਿੱਤੀ। ਫਿਰ ਤਰਕਸ਼ੀਲ ਸੋਸਾਇਟੀ ਦੇ ਹੋਰ ਮੈਂਬਰਾਂ ਨੂੰ ਇਹ ਕਹਿ ਕੇ ਜਾਣਾ ਪਿਆ ਕਿ ਉਹ ਬਠਿੰਡੇ ਤੋਂ ਆਏ ਉਸਦੇ ਸ਼ਰਧਾਲੂ ਹਨ।

ਇਸ ਤੋਂ ਪਹਿਲਾਂ ਅਮੀਰ ਚੰਦ ਕੌਸ਼ਲ ਇਹ ਦਾਅਵੇ ਕਰ ਚੁੱਕਾ ਸੀ ਕਿ 22 ਮਹੀਨਿਆਂ ਤੋਂ ਪਿੰਜਰ ਬਣੀ ਦੱਤਾ ਦੀ ਲਾਸ਼ ਜੀਵਤ ਹੋ ਜਾਵੇਗੀ। ਬਲਦੇਵ ਸਿੰਘ ਦੀ ਪਤਨੀ 64 ਮਹੀਨਿਆਂ ਤੋਂ ਗਰਭਵਤੀ ਹੈ ਅਤੇ ਉਸਦੇ ਪੇਟ 'ਚੋਂ ਲੜਕਾ ਪੈਦਾ ਹੋਵੇਗਾ। ਉਸਦੇ ਆਪਣੇ ਪੋਤੇ ਦੀ ਅੱਖ ਬਿਨਾਂ ਅਪਰੇਸ਼ਨ ਬਿਨਾ ਕਿਸੇ ਦਵਾਈ ਦੇ ਠੀਕ ਹੋ ਜਾਵੇਗੀ। ਉਹ ਭੁਪਾਲ ਗੈਸ ਕਾਂਡ ਦੇ ਪੀੜਤ ਠੀਕ ਕਰ ਦੇਵੇਗਾ। ਕੌਸ਼ਲ ਨਾਲ ਸੁਸਾਇਟੀ ਮੈਂਬਰਾਂ ਦੀ 10 ਕੁ ਮਿੰਟ ਗੱਲਬਾਤ ਹੋਈ। ਗੱਲਬਾਤ ਦੌਰਾਨ ਕੌਸ਼ਲ ਨੂੰ ਇਹ ਸਾਫ਼ ਹੋ ਗਿਆ ਕਿ ਗੱਲਬਾਤ ਕਰਨ ਵਾਲੇ ਸਾਧਾਰਨ ਸ਼ਰਧਾਲੂ ਨਹੀਂ ਸਗੋਂ ਉਸਨੂੰ ਫਸਾ ਰਹੇ ਹਨ। ਇਸ ਲਈ ਗੱਲਬਾਤ ਚਣੌਤੀਆਂ ਤੱਕ ਪਹੁੰਚ ਗਈ ਪਰ ਕੌਸ਼ਲ ਨੇ ਕਿਸੇ ਚਣੌਤੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਸਦੇ ਨਾਲ ਹੀ ਹੋਰ ਗੱਲਬਾਤ ਤੋਂ ਵੀ ਇਨਕਾਰੀ ਹੋ ਗਿਆ।

**ਪੁਲੀਸ ਦੀ ਕਾਰਵਾਈ :** ਮਾਮਲਾ ਚਾਹੇ ਬਹੁਤ ਗੰਭੀਰ ਸੀ ਅਤੇ ਇੱਕ ਜਨਤਕ ਰੂਪ ਲੈ ਚੁੱਕਾ ਸੀ ਪਰ ਚੰਡੀਗੜ੍ਹ ਦੀ ਪੁਲੀਸ ਇਸਨੂੰ ਹੱਥ ਪਾਉਣ ਤੋਂ ਕੰਨੀ ਕਤਰਾ ਰਹੀ ਸੀ। ਆਖਿਰ ਜਨਤਾ ਦੇ ਵਧ ਰਹੇ ਦਬਾਅ ਹੇਠ 6 ਮਈ ਨੂੰ ਚੰਡੀਗੜ੍ਹ ਪ੍ਰਸ਼ਾਸ਼ਨ ਦੇ ਉੱਚ ਅਧਿਕਾਰੀਆਂ ਨੇ ਇਸ ਬਾਰੇ ਵਿਚ ਵਿਚਾਰ ਵਟਾਂਦਰਾ ਕੀਤਾ ਅਤੇ ਫੈਸਲਾ ਕੀਤਾ ਗਿਆ ਕਿ ਉਸੇ ਰਾਤ ਕਾਰਵਾਈ ਕੀਤੀ ਜਾਵੇ। ਫਿਰ ਪੁਲਿਸ ਅਤੇ ਡਾਕਟਰਾਂ ਦੀਆਂ ਦੋ ਗੱਡੀਆਂ ਮਕਾਨ 747-A ਸੈਕਟਰ-8 ਅੱਗੇ ਆ ਪਹੁੰਚੀਆਂ। ਡਾਕਟਰਾਂ ਨੇ ਦੱਤਾ ਦੀ ਲਾਸ਼ ਦਾ ਟੈਂਪਰੇਚਰ, ਬਲਡਪ੍ਰੈਸ਼ਰ, ਦਿਲ ਦੀ ਧੜਕਣ, ਨਬਜ਼ ਵਗੈਰਾ ਦੀ ਜਾਂਚ ਕੀਤੀ ਅਤੇ ਸਪਸ਼ਟ ਕਰ ਦਿੱਤਾ

(ਬਾਕੀ ਸਫਾ 28 ਤੇ)





# ਸ਼ਿਕਾਰ ਤੋਂ ਖੇਤੀ ਬਾੜੀ ਵੱਲ

—ਰਾਜਪਾਲ ਸਿੰਘ

ਹੁਣ ਤੱਕ ਤੁਸੀਂ ਪੜ੍ਹ ਚੁੱਕੇ ਹੋ ਕਿ ਮਨੁੱਖ ਵਲੋਂ ਹਥਿਆਰਾਂ ਦੀ ਵਰਤੋਂ ਕਰਨੀ ਸਿੱਖ ਲੈਣ ਨਾਲ ਨਾ ਸਿਰਫ ਉਹ ਦੂਸਰੇ ਜਾਨਵਰਾਂ ਤੋਂ ਆਪਣਾ ਬਚਾਅ ਕਰਨ ਦੇ ਯੋਗ ਹੋ ਗਿਆ ਸਗੋਂ ਆਪਣੇ ਤੋਂ ਸ਼ਕਤੀ ਸ਼ਾਲੀ ਜਾਨਵਰਾਂ ਦਾ ਵੀ ਖੁਦ ਸ਼ਿਕਾਰ ਕਰਨ ਦੇ ਸਮੱਰਥ ਹੋ ਗਿਆ। ਜਿਵੇਂ ਜਿਵੇਂ ਉਸ ਵਲੋਂ ਬਣਾਏ ਸੰਦਾਂ ਵਿਚ ਸੁਧਾਰ ਹੁੰਦਾ ਗਿਆ ਉਸ ਦੂਸਰੇ ਜਾਨਵਰਾਂ ਦਾ ਵੱਧ ਸਫਲਤਾ ਨਾਲ ਸ਼ਿਕਾਰ ਕਰਨ ਦੇ ਯੋਗ ਹੁੰਦਾ ਗਿਆ ਅਤੇ ਇਸਦੇ ਨਾਲ ਹੀ ਉਸਦੇ ਜੀਵਨ ਦੀ ਜਾਨਵਰਾਂ ਦੇ ਸ਼ਿਕਾਰ ਤੇ ਨਿਰਭਰਤਾ ਕਾਫੀ ਵਧ ਗਈ। ਹੁਣ ਉਹ ਨਾ ਸਿਰਫ ਇਹਨਾਂ ਜਾਨਵਰਾਂ ਨੂੰ ਮਾਰ ਕੇ ਆਪਣੀ ਭੁੱਖ ਹੀ ਮਿਟਾਉਂਦਾ ਸੀ ਸਗੋਂ ਇਹਨਾਂ ਦੀਆਂ ਹੱਡੀਆਂ ਦੀ ਆਪਣੇ ਹਥਿਆਰਾਂ ਵਿੱਚ ਵੀ ਵਰਤੋਂ ਕਰਨ ਲਗ ਪਿਆ ਅਤੇ ਇਹਨਾਂ ਦੀਆਂ ਖੱਲਾਂ ਨੂੰ ਆਪਣਾ ਤਨ ਢਕਣ ਲਈ ਵਰਤਣ ਲੱਗਾ।

ਇਸ ਲੰਮੇ ਇਤਿਹਾਸਕ ਦੌਰ ਵਿੱਚ ਚਾਹੇ ਮਨੁੱਖ ਆਪਣੇ ਭੋਜਨ ਲਈ ਮੁੱਖ ਤੌਰ ਤੇ ਸ਼ਿਕਾਰ ਕੀਤੇ ਜਾਨਵਰਾਂ ਤੇ ਨਿਰਭਰ ਕਰਦਾ ਸੀ ਪਰ ਜਾਨਵਰਾਂ ਦਾ ਮਾਸ ਹੀ ਉਸਦੀ ਖੁਰਾਕ ਦਾ ਇਕੋ ਇੱਕ ਸੋਮਾ ਨਹੀਂ ਸੀ। ਆਦਿ-ਮਨੁੱਖ ਦੇ ਕਬੀਲੇ ਦੇ ਅਜਿਹੇ ਮੈਂਬਰ, ਜੋ ਸ਼ਿਕਾਰ ਕਰਨ ਲਈ ਜਾਣ ਦੇ ਯੋਗ ਨਹੀਂ ਸਨ ਹੁੰਦੇ, ਜੰਗਲ ਵਿਚੋਂ ਖਾਣ ਯੋਗ ਫਲ, ਬੇਰ, ਜੰਗਲੀ ਘਾਹਾਂ ਦੇ ਦਾਣੇ, ਖੁੰਬਾਂ ਸ਼ਾਹਿਦ ਆਦਿ ਇਕਠੇ ਕਰ ਕੇ ਲਿਆਉਂਦੇ। ਇਹ ਕੰਮ ਮੁੱਖ ਤੌਰ ਤੇ ਇਸਤਰੀਆਂ ਅਤੇ ਬੱਚੇ ਜਾਂ ਸ਼ਿਕਾਰ ਕਰਨ ਤੋਂ ਅਯੋਗ ਪੁਰਸ਼ ਕਰਦੇ ਸਨ। ਇਹਨਾਂ ਵਿਚੋਂ ਜੋ ਪਦਾਰਥ ਜਲਦੀ ਖਰਾਬ ਨਹੀਂ ਸਨ ਹੁੰਦੇ, ਜਿਸ ਤਰਾਂ ਅਨਾਜ ਦੇ ਦਾਣੇ ਉਹਨਾਂ ਨੂੰ ਲੱਕੜ ਤੇ ਮਿੱਟੀ ਦੇ ਭਾਂਡਿਆਂ ਵਿੱਚ ਜਮਾਂ ਵੀ ਕੀਤਾ ਜਾਣ ਲੱਗਾ ਤਾਂ ਜੋ ਇਹ ਔਖੇ ਸਮੇਂ ਕੰਮ ਆ ਸਕਣ। ਪਰ ਅਸੀਂ ਜਾਣਦੇ ਹੀ ਹਾਂ ਕਿ ਅਨਾਜ ਦੇ ਦਾਣੇ ਇਸ ਪ੍ਰਕਿਰੀਆ ਵਿੱਚ ਕੁਝ ਨਾ ਕੁਝ ਜਰੂਰ ਹੀ ਆਸੇ ਪਾਸੇ ਖਿੰਡ ਜਾਂਦੇ ਹਨ। ਇਸ ਤਰਾਂ ਖਿੰਡੇ ਹੋਏ ਦਾਣੇ ਇਹਨਾਂ ਕਬੀਲਿਆਂ ਦੇ ਰਹਿਣ ਦੀ ਥਾਂ ਦੇ ਆਸ ਪਾਸ ਉਗਣ ਲੱਗੇ। ਅਤੇ ਪ੍ਰਚੀਨ ਮਨੁੱਖ ਨੇ ਦੇਖਿਆ ਕਿ ਕੁਝ ਸਮਾਂ ਪਾ ਕੇ ਇਹਨਾਂ ਉੱਗੇ ਹੋਏ ਪੌਦਿਆਂ ਤੋਂ ਮੁੜ ਕਾਫੀ ਵੱਧ ਮਾਤਰਾ ਵਿੱਚ ਉਹੀ ਅਨਾਜ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਸ ਦੇ ਦਾਣੇ ਉਥੇ ਡਿੱਗੇ ਸਨ। ਸੋ ਪਹਿਲਾਂ ਇਹ ਸੋਚ ਸਮਝ ਕੇ ਨਹੀਂ ਸੀ ਕੀਤਾ ਗਿਆ ਸਗੋਂ ਆਪ ਮੁਹਾਰੇ ਹੀ ਅਨਾਜ ਦੇ ਬੀਜ ਡਿਗਦੇ ਅਤੇ ਪੌਦੇ ਉਗਦੇ ਰਹੇ। ਪਰ ਹੌਲੀ 2 ਪ੍ਰਚੀਨ ਮਨੁੱਖ ਨੂੰ ਸਮਝ ਪੈਣ ਲੱਗੀ ਕਿ ਜੇ ਇਸ ਤਰਾਂ ਅਨਾਜ ਦੇ ਦਾਣਿਆਂ ਨੂੰ ਜਮੀਨ ਪੁੱਟ ਕੇ ਦਬਾ ਦਿੱਤਾ ਜਾਵੇ ਤਾਂ ਉਸਨੂੰ ਆਪਣੇ ਨੇੜਿਉਂ ਹੀ ਕਾਫੀ ਮਾਤਰਾ ਵਿਚ ਅਨਾਜ ਪ੍ਰਾਪਤ ਹੋ ਸਕਦਾ ਹੈ। ਤੇ ਇਸ ਤਰਾਂ ਜਦ ਮਨੁੱਖ ਨੇ ਅਨਾਜ ਬੀਜਣਾ ਸਿੱਖ ਲਿਆ ਤਾਂ ਤਜਰਬੇ ਨੇ ਉਸਨੂੰ ਇਸ ਤਰਾਂ ਬੀਜੇ ਦਾਣਿਆਂ ਦੇ ਉਗਣ ਤੇ ਉਹਨਾਂ ਦੀ ਦੇਖ ਭਾਲ ਕਰਨੀ ਵੀ ਸਿਖਾ ਦਿੱਤੀ ਜਿਸ ਨਾਲ ਖੇਤੀ ਬਾੜੀ ਦੀ ਬਕਾਇਦਾ ਰੂਪ ਵਿੱਚ ਸ਼ੁਰੂਆਤ ਹੋਈ। ਪਹਿਲਾਂ ਪਹਿਲ ਅਨਾਜ ਨੂੰ ਪ੍ਰਚੀਨ ਮਨੁੱਖ ਆਪਣੇ ਹੱਥੀਂ ਸੰਦਾਂ ਨਾਲ ਪੁੱਟ ਕੇ ਬੀਜਦੇ ਸਨ ਪਰ ਬਾਅਦ ਦੇ ਹਜਾਰਾਂ ਸਾਲਾਂ ਦੇ ਵਿਕਾਸ ਨਾਲ ਇਸ ਕੰਮ ਲਈ ਪਸ਼ੂਆਂ ਦੀ ਵਰਤੋਂ ਸ਼ੁਰੂ ਕਰ ਦਿਤੀ ਗਈ

## ਮਨੁੱਖ ਪਸ਼ੂ-ਪਾਲਕ ਬਣਿਆ-

ਜਿਵੇਂ ਜਿਵੇਂ ਮਨੁੱਖ ਆਪਣੇ ਸੁਧਰੇ ਹੋਏ ਹਥਿਆਰਾਂ ਦੀ ਮਦਦ ਨਾਲ ਦੂਸਰੇ ਜਾਨਵਰਾਂ ਦੇ ਮੁਕਾਬਲੇ ਜਿਆਦਾ ਸ਼ਕਤੀ ਸ਼ਾਲੀ ਹੁੰਦਾ ਗਿਆ, ਉਸ ਲਈ ਉਨ੍ਹਾਂ ਜਾਨਵਰਾਂ ਨੂੰ ਮਾਰਨਾਂ ਅਤੇ ਕਾਬੂ ਕਰਨਾ ਸੌਖੇਰਾ ਹੁੰਦਾ ਗਿਆ। ਹੁਣ ਉਹ ਨਾ ਸਿਰਫ ਆਪਣੀ ਲੋੜ ਜੋਗਾ ਸ਼ਿਕਾਰ ਕਰਕੇ ਹੀ ਵਾਪਸ ਮੁੜਦੇ ਸਨ ਸਗੋਂ ਬਹੁਤ ਵਾਰੀ ਕੁਝ ਜਿਉਂਦੇ ਜਾਨਵਰਾਂ ਨੂੰ ਵੀ ਕਾਬੂ ਕਰ ਲਿਆਉਂਦੇ ਉਹ ਇਹਨਾਂ ਫੜੇ ਹੋਏ ਜਾਨਵਰਾਂ ਨੂੰ, ਜੋ ਆਮ ਕਰਕੇ ਜਾਨਵਰਾਂ ਦੇ ਛੋਟੇ ਬੱਚੇ, ਮੇਮਣੇ, ਵਛੇਰੇ ਆਦਿ ਹੁੰਦੇ, ਤੁਰੰਤ ਹੀ ਨਹੀਂ ਸਨ ਮਾਰ ਸੁਟਦੇ ਸਗੋਂ ਉਹਨਾਂ ਨੂੰ ਵਾੜੇ ਅੰਦਰ ਰੱਖ ਕੇ ਖੁਆਂਦੇ ਪਿਆਂਦੇ ਤਾਂ ਜੋ ਜਦ ਕਿਸੇ ਦਿਨ ਸ਼ਿਕਾਰ ਵਲੋਂ ਖਾਲੀ

ਮੁੜਨਾ ਪਵੇ ਤਾਂ ਉਹਨਾਂ ਨੂੰ ਭੁੱਖੇ ਨਾਂ ਰਹਿਣਾ ਪਵੇ। ਇਸ ਤਰਾਂ ਉਹਨਾਂ ਦੀ ਖੁਰਾਕ ਦਾ ਇਹ ਜਿਉਂਦਾ ਭੰਡਾਰ ਵਧਦਾ ਜਾਂਦਾ।

ਪਹਿਲਾਂ ਪਹਿਲ ਤਾਂ ਆਦਿ ਮਨੁੱਖ ਇਹਨਾਂ ਨੂੰ ਮਾਸ ਅਤੇ ਖੱਲਾਂ ਹਾਸਲ ਕਰਨ ਲਈ ਹੀ ਰਖਦੇ ਸਨ ਕਿਉਂਕਿ ਉਹ ਇਹਨਾਂ ਦਾ ਸ਼ਿਕਾਰ ਕਰਨ ਹੀ ਗਿੱਝੇ ਹੋਏ ਸਨ। ਉਸ ਹਾਲਤ ਵਿੱਚ ਉਹਨਾਂ ਲਈ ਇਹ ਸਮਝਣਾ ਸੌਖਾ ਨਹੀਂ ਸੀ ਕਿ ਕਿਸੇ ਗਊ ਜਾਂ ਮੱਝ ਨੂੰ ਮਾਰਿਆ ਤਾਂ ਕੇਵਲ ਇਕੋ ਵਾਰ ਹੀ ਖਾ ਸਕਦਾ ਹੈ ਪਰ ਉਸਦਾ ਦੁੱਧ ਵਰ੍ਹਿਆਂ ਤੱਕ ਪੀਤਾ ਜਾ ਸਕਦਾ ਅਤੇ ਜੇ ਉਹ ਉਸਨੂੰ ਨਾ ਮਾਰਨ ਤਾਂ ਉਹਨਾਂ ਨੂੰ ਆਖਰ ਵਿੱਚ ਮਾਸ ਵੀ ਬਹੁਤਾ ਮਿਲੇਗਾ ਕਿਉਂਕਿ ਉਹ ਹਰ ਸਾਲ ਇੱਕ ਬੱਚਾ ਵੀ ਤਾਂ ਦਿੰਦੀ ਹੈ। ਖੈਰ ਸਮੇਂ ਅਤੇ ਤਜਰਬੇ ਦੇ ਨਾਲ ਉਹ ਇਹ ਸਮਝਣ ਦੇ ਯੋਗ ਹੁੰਦੇ ਗਏ ਕਿ ਉਹ ਇਹਨਾਂ ਦੀ ਜਾਨ ਬਖਸ਼ ਕੇ ਵੀ ਇਹਨਾਂ ਤੋਂ ਬਹੁਤ ਸਾਰੀ ਖੁਰਾਕ ਤੇ ਹੋਰ ਲਾਭ ਲੈ ਸਕਦੇ ਹਨ।

ਇਸ ਤਰਾਂ ਜਦ ਆਦਮੀ ਕੁਝ ਚੋਣਵੇਂ ਜਾਨਵਰਾਂ ਨੂੰ ਪਾਲਣ ਲੱਗਾ ਤਾਂ ਉਹ ਇਹ ਵੀ ਸਿਖਦਾ ਗਿਆ ਕਿ ਕਿਸ ਤਰਾਂ ਉਹਨਾਂ ਦੀ ਵਧੀਆ ਦੇਖਭਾਲ ਕੀਤੀ ਜਾਵੇ, ਠੰਢ ਗਰਮੀ ਆਦਿ ਤੋਂ ਬਚਾਅ ਕੀਤਾ ਜਾਵੇ, ਠੀਕ ਚਾਰਾ ਅਤੇ ਪਾਣੀ ਆਦਿ ਦਿੱਤਾ ਜਾਵੇਂ ਤਾਂ ਜੋ ਉਹ ਉਸਨੂੰ ਵੱਧ ਫਾਇਦਾ ਦੇ ਸਕਣ। ਯਾਨੀ ਮਨੁੱਖ ਨੇ ਸ਼ਿਕਾਰੀ ਹੋਣ ਦੇ ਨਾਲ ਨਾਲ ਪਸ਼ੂ ਪਾਲਕ ਬਣਨਾ ਵੀ ਸ਼ੁਰੂ ਕਰ ਦਿਤਾ।

ਜਦ ਮਨੁੱਖ ਨੇ ਪਸ਼ੂ ਪਾਲਣ ਸ਼ੁਰੂ ਕਰ ਦਿਤਾ ਤਾਂ ਹੌਲੀ ਹੌਲੀ ਉਹ ਉਹਨਾਂ ਵਿਚੋਂ ਵਧੇਰੇ ਦੁੱਧ ਦੇਣ ਵਾਲੀਆਂ ਗਊਆਂ, ਵਧੇਰੇ ਤਕੜੇ ਤੇ ਤੇਜ਼ ਦੌੜਨ ਵਾਲੇ ਘੋੜੇ ਅਤੇ ਵਧੇਰੇ ਉਨ ਅਤੇ ਮਾਸ ਵਾਲੀਆਂ ਭੇਡਾਂ ਦੀ ਚੋਣ ਕਰਨ ਲੱਗ ਪਿਆ। ਬਹੁਤ ਸਾਰੇ ਵਡ ਜਾਂ ਪੈਦਾ ਹੋਏ ਜਾਨਵਰਾਂ ਵਿਚੋਂ ਚੰਗੇ ਚੰਗੇ ਹੀ ਚੋਣ ਕਰਕੇ ਰਖੇ ਜਾਂਦੇ। ਇਸ ਤਰਾਂ ਉਸਨੇ ਇੱਕ ਅਜਿਹੀ ਪ੍ਰਕਿਰਿਆ ਵਿੱਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿਤਾ ਜੋ ਪਹਿਲਾਂ ਕੇਵਲ ਕੁਦਰਤ ਦੇ ਹੱਥ ਵਿੱਚ ਹੀ ਸੀ; ਯਾਨੀ ਕਿ ਉਹ ਜੀਵ ਜੰਤੂਆਂ (ਪਾਲਤੂ) ਦੀਆਂ ਵਧੀਆ ਤੇ ਨਵੀਆਂ ਨਸਲਾਂ ਵਿਕਸਿਤ ਕਰਨ ਲੱਗਾ।

## ਪ੍ਰਚੀਨ ਮਨੁੱਖ ਨੇ ਹੋਰ ਹੁਨਰ ਵੀ ਸਿਖੇ-

ਸਮੇਂ ਦੇ ਨਾਲ ਨਾਲ ਜਿਵੇਂ ਅਸੀਂ ਦੇਖਿਆ ਹੈ ਕਿ ਪ੍ਰਚੀਨ ਮਨੁੱਖ ਨੇ ਖੇਤੀ-ਬਾੜੀ ਤੇ ਪਸ਼ੂ ਪਾਲਣ ਸਿਖਿਆ ਉਥੇ ਉਸਨੇ ਨਾਲੋ ਨਾਲ ਕੁਝ ਹੋਰ ਅਜਿਹੇ ਕੰਮ ਵੀ ਸਿੱਖੇ ਜੋ ਦੂਸਰੇ ਜਾਨਵਰ ਅੱਜ ਤੱਕ ਵੀ ਨਹੀਂ ਸਿੱਖ ਸਕੇ ਅਤੇ ਨਾ ਹੀ ਸ਼ਾਇਦ ਕਦੇ ਸਿੱਖ ਸਕਣ। ਮਿਸਾਲ ਵਜੋਂ ਪ੍ਰਚੀਨ ਮਨੁੱਖ ਨੇ ਮਿੱਟੀ ਦੇ ਭਾਂਡਿਆਂ ਨੂੰ ਅੱਗ ਵਿੱਚ ਪਕਾ ਕੇ ਇੱਕ ਨਵੇਂ ਵਿਗਿਆਨ ਦੀ ਨੀਂਹ ਧਰ ਦਿੱਤੀ। ਅੱਜ ਚਾਹੇ ਸਾਨੂੰ ਇਹ ਇੱਕ ਬਹੁਤ ਹੀ ਸਾਧਾਰਣ ਜਿਹਾ ਕੰਮ ਲਗਦਾ ਹੈ, ਪਰ ਇਹ ਕ੍ਰਿਆ ਸ਼ੁਰੂ ਕਰਨ ਨਾਲ ਹੀ ਮਨੁੱਖ ਦੇ ਵਿਕਾਸ ਵਿੱਚ ਇੱਕ ਨਵੇਂ ਪੜਾਅ ਦੀ ਸ਼ੁਰੂਆਤ ਹੁੰਦੀ ਹੈ ਜਦ ਉਸਨੇ ਇੱਕ ਨਵਾਂ ਪਦਾਰਥ ਖੁਦ ਤਿਆਰ ਕੀਤਾ। ਇਸਤੋਂ ਪਹਿਲਾਂ ਮਨੁੱਖ ਕੇਵਲ ਉਹਨਾਂ ਪਦਾਰਥਾਂ ਨੂੰ ਹੀ ਵਰਤਦਾ ਸੀ ਜੋ ਕੁਦਰਤ ਵਿੱਚ ਮਿਲਦੇ ਸਨ। ਪਰ ਇਸ ਕ੍ਰਿਆ ਨਾਲ ਮਨੁੱਖ ਧਰਤੀ ਤੇ ਕੁਦਰਤੀ ਤੌਰ ਤੇ ਮਿਲਦੇ ਪਦਾਰਥਾਂ ਨੂੰ ਅੱਗ ਦੀ ਸਹਾਇਤਾ ਨਾਲ ਇੱਕ ਨਵੇਂ ਪਦਾਰਥ ਵਿੱਚ ਬਦਲਣ ਦੇ ਯੋਗ ਹੋਇਆ ਜੋ ਉਸਨੂੰ ਹੋਰ ਕਿਤੋਂ ਨਹੀਂ ਮਿਲ ਸਕਦਾ ਸੀ। ਪਹਿਲਾਂ ਮਨੁੱਖ ਕੇਵਲ ਪਦਾਰਥ ਦਾ ਰੂਪ ਬਦਲ ਕੇ ਹੀ ਕੋਈ ਚੀਜ਼ ਤਿਆਰ ਕਰਦਾ ਸੀ ਜਿਵੇਂ ਪੱਥਰ ਨੂੰ ਤਰਾਸ਼ ਕੇ ਹਥਿਆਰ ਬਣਾਉਣੇ ਲੱਕੜ ਜਾਂ ਹੱਡੀਆਂ ਤਿੱਖੀਆਂ ਕਰ ਕੇ ਨੇਜ਼ਾ ਬਣਾਉਣਾ ਆਦਿ ਪਰ ਹੁਣ ਮਨੁੱਖ ਨਵੇਂ ਪਦਾਰਥ ਦੀ ਰਚਨਾ ਕਰਨ ਦੇ ਵੀ ਯੋਗ ਹੋ ਗਿਆ। ਇਸ ਤਰਾਂ ਮਿੱਟੀ ਨੂੰ ਪਕਾ ਕੇ ਉਸ ਦੇ ਗੁਣ ਬਦਲਣਾਂ ਹੀ ਰਸਾਇਣ ਵਿਗਿਆਨ ਦੇ ਵਿੱਚ ਉਸਦਾ ਪਹਿਲਾ ਕਦਮ ਸੀ।

ਅੱਗ ਦੀ ਸਹਾਇਤਾ ਨਾਲ ਬਾਅਦ ਵਿੱਚ ਮਨੁੱਖ ਨੇ ਧਾਤਾਂ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਅਤੇ ਪ੍ਰਚੀਨ ਮਨੁੱਖ ਪੱਥਰ ਯੁੱਗ ਤੋਂ ਉਸ ਦੌਰ ਵਿੱਚ ਦਾਖਲ ਹੋਇਆ ਜਿਸਨੂੰ ਅਸੀਂ ਧਾਤ ਯੁੱਗ ਕਹਿੰਦੇ ਹਾਂ। ਧਾਤਾਂ ਵਿੱਚ ਸਭ ਤੋਂ ਪਹਿਲਾਂ ਤਾਂਬੇ ਦੀ ਵਰਤੋਂ ਸ਼ੁਰੂ ਹੋਈ ਫਿਰ ਲੋਹੇ ਅਤੇ ਹੋਰ ਧਾਤਾਂ ਦੀ, ਕਿਉਂਕਿ ਖਾਲਸ ਤਾਂਬੇ ਦੀ ਕੱਚੀ ਧਾਤ ਦੇ



ਟੁਕੜੇ ਉਸ ਸਮੇਂ ਅਕਸਰ ਲੱਭ ਜਾਂਦੇ ਸਨ ਜੋ ਅੱਗ ਵਿੱਚ ਪੈਣ ਤੇ ਆਪਣੇ ਅਮਲੀ ਰੂਪ ਵਿੱਚ ਵਰਤੋਂ ਲਈ ਤਿਆਰ ਹੁੰਦੇ ਸਨ। ਇਸ ਤਰ੍ਹਾਂ ਧਾਤਾਂ ਦੀ ਵਰਤੋਂ ਕਰਨ ਨਾਲ ਉਸ ਵਲੋਂ ਵਰਤੇ ਜਾਂਦੇ ਸੰਦਾਂ ਵਿੱਚ ਵੀ ਇੱਕ ਸਿਫਤੀ ਸੁਧਾਰ ਹੋਣਾਂ ਸ਼ੁਰੂ ਹੋ ਗਿਆ ਜਿਹਨਾਂ ਨੇ ਉਸਦੀਆਂ ਪੈਦਾਵਾਰੀ ਸ਼ਕਤੀਆਂ ਨੂੰ ਹੋਰ ਵਧੇਰੇ ਵਿਕਸਿਤ ਕੀਤਾ।

ਧਾਤਾਂ ਅਤੇ ਠੀਕ ਤਰ੍ਹਾਂ ਘੜਨ ਯੋਗ ਪੱਥਰ ਪ੍ਰਾਪਤ ਕਰਨ ਲਈ ਪ੍ਰਚੀਨ ਮਨੁੱਖ ਨੂੰ ਧਰਤੀ ਦੇ ਤਲ ਤੋਂ ਡੂੰਘਾਈ ਵਿੱਚ ਵੀ ਭਾਲ ਕਰਨੀ ਪੈਂਦੀ। ਇਸਨੇ ਮਨੁੱਖ ਨੂੰ ਖਾਣਾਂ ਪੁਟਣ ਦਾ ਕੰਮ ਸਖਾਇਆ। ਅੱਜ ਕੱਲ ਖੋਜ ਕਰਦਿਆ ਅਜਿਹੀਆਂ ਪੁਰਾਤਨ ਖਾਣਾਂ ਕਦੇ ਕਦਾਈਂ ਲੱਭ ਹੀ ਪੈਂਦੀਆਂ ਹਨ। ਖੜੀਆ ਮਿੱਟੀ ਅਤੇ ਪੱਥਰ ਦੀਆਂ ਇਹਨਾਂ ਪ੍ਰਚੀਨ ਖਾਣਾਂ ਵਿੱਚ ਉਸ ਸਮੇਂ ਦੇ ਖਾਣ ਪੁੱਟਾਂ ਦੇ ਪਿੰਜਰ ਮਿਲੇ ਹਨ। ਕਿਉਂਕਿ ਉਸ ਸਮੇਂ ਧਰਤੀ ਹੇਠਲੀਆਂ ਖਾਣਾਂ ਨੂੰ ਲੱਕੜ ਆਦਿ ਦੇ ਫੱਟੇ ਲਾ ਕੇ ਸੁਰਖਿਅੱਤ ਕਰਨ ਦਾ ਵੱਲ ਨਹੀਂ ਸੀ, ਇਸ ਲਈ ਬਹੁਤ ਵਾਰੀ ਮਿੱਟੀ ਦੀਆਂ ਢਿੱਗਾਂ ਡਿੱਗ ਕੇ ਇਹਨਾਂ ਪ੍ਰਚੀਨ ਖਾਣ-ਪੁੱਟਾਂ ਨੂੰ ਆਪਣੇ ਹੇਠ ਦੱਬ ਲੈਂਦੀਆਂ। ਇੱਕ ਅਜਿਹੀ ਹੀ ਪੁਰਾਤਨ ਸੁਰੰਗ ਵਿੱਚੋਂ ਦੋ ਪਿੰਜਰ ਇੱਕਠੇ ਲੱਭੇ ਹਨ ਇਕ ਵੱਡੇ ਆਦਮੀ ਦਾ ਅਤੇ ਦੂਸਰਾ ਬੱਚੇ ਦਾ। ਸ਼ਾਇਦ ਕੋਈ ਪਿਉ ਆਪਣੇ ਪੁੱਤਰ ਨੂੰ ਵੀ ਕੰਮ ਸਿਖਾਉਣ ਨਾਲ ਲੈ ਕੇ ਆਇਆ ਸੀ। ਇਹਨਾਂ ਪਿੰਜਰਾਂ ਕੋਲੋਂ ਲੱਭੀਆਂ ਬਾਰਾਂ ਸਿੰਗੇ ਦੇ ਸਿੰਗਾਂ ਦੀਆਂ ਬਣੀਆਂ ਹੋਈਆਂ ਕੁਦਾਲਾਂ (ਗੈਂਤੀਆਂ) ਇਹਨਾਂ ਦੇ ਪੱਥਰ ਯੁਗ ਦੇ ਹੋਣ ਵੱਲ ਸੰਕੇਤ ਕਰਦੀਆਂ ਹਨ।

ਇਸੇ ਤਰ੍ਹਾਂ ਪਾਣੀ ਉਤੇ ਜਿੱਤ ਪ੍ਰਾਪਤ ਕਰਨ ਲਈ ਦਰਖਤਾਂ ਦੇ ਮੋਟੇ ਮੋਟੇ ਤਣਿਆਂ ਨੂੰ ਅੰਦਰੋਂ ਖੋਖਲਾ ਕਰਕੇ ਡੂੰਗੇ (ਕਿਸ਼ਤੀਆਂ) ਬਣਾਏ ਗਏ। ਅਜਿਹਾ ਇੱਕ ਸਬੂਤਾ ਡੂੰਗਾ ਰੂਸ ਵਿੱਚ ਲਾਦੋਗਾ ਝੀਲ ਨੇੜਿਉਂ ਨਹਿਰ ਪੁਟਦਿਆਂ ਲਭਿਆ ਹੈ। ਇਹ ਐਨੀ ਠੀਕ ਹਾਲਤ ਵਿੱਚ ਸੀ ਕਿ ਇਸ ਵਿੱਚ ਤੁਰੰਤ ਹੀ ਬੈਠ ਕੇ ਪਾਣੀ ਵਿੱਚ ਚਲਾਇਆ ਜਾ ਸਕਦਾ ਸੀ। ਇਸਨੂੰ ਪੱਥਰ ਦੀ ਕੁਹਾੜੀ ਅਤੇ ਪਥਰ ਦੀ ਸੈਣੀ ਨਾਲ ਖੋਖਲਾ ਕਰਕੇ ਬਣਾਇਆ ਗਿਆ ਸੀ ਅਤੇ ਜਿੱਥੇ ਜਿੱਥੇ ਲੱਕੜ ਸਖਤ ਸੀ ਉਥੇ ਅੱਗ ਦੀ ਮਦਦ ਨਾਲ ਸਾੜਿਆ ਗਿਆ ਸੀ। ਇਸਦੇ ਲਾਗਿਉਂ ਹੀ ਵਿਗਿਆਨੀਆਂ ਨੂੰ ਪੱਥਰ ਦੇ ਉਹ ਸੰਦ ਮਿਲੇ ਹਨ ਜਿੰਨ੍ਹਾਂ ਦੀ ਵਰਤੋਂ ਇਸਨੂੰ ਬਣਾਉਣ ਵਿੱਚ ਕੀਤੀ ਗਈ ਸੀ। ਇਥੋਂ ਲੱਭੀ ਪਥਰ ਦੀ ਕੁਹਾੜੀ ਦੀ ਧਾਰ ਕਾਫੀ ਤਿੱਖੀ ਸੀ ਅਤੇ ਨੇੜਿਉਂ ਹੀ ਪੱਥਰ ਨੂੰ ਤੇਜ ਕਰਨ ਵਾਲਾ ਸੰਦ ਵੀ ਮਿਲਿਆ ਹੈ। ਯਾਨੀ ਇਸ ਸਮੇਂ ਤੱਕ ਪੱਥਰ ਦੇ ਸੰਦ ਬਣਾਉਣ ਵਿੱਚ ਕਾਫੀ ਉਨਤੀ ਹੋ ਚੁੱਕੀ ਸੀ। ਇਸਨੂੰ ਅਸੀਂ ਪਹਿਲੇ ਪੱਥਰ-ਯੁਗ ਨਾਲੋਂ ਨਿਖੇੜਣ ਲਈ ਨਵੀਨ ਪੱਥਰ-ਯੁੱਗ ਕਹਿ ਸਕਦੇ ਹਾਂ। ਇਸ ਤਰ੍ਹਾਂ ਦੀ ਬੇੜੀ ਬਣਾ ਲੈਣ ਨਾਲ ਪ੍ਰਚੀਨ ਮਨੁੱਖ ਝੀਲਾਂ ਦਰਿਆਵਾਂ ਆਦਿ ਦੇ ਵਿੱਚ ਜਾਕੇ ਮੱਛੀਆਂ ਦਾ ਸ਼ਿਕਾਰ ਕਰਨ ਦੇ ਸਮਰਥ ਹੋ ਗਿਆ। ਅਤੇ ਇਸਦੇ ਨਾਲ ਹੀ ਉਸਨੇ ਨਦੀਆਂ ਦਰਿਆਵਾਂ ਆਦਿ ਅਲੰਘ ਬਣੀਆਂ ਰੋਕਾਂ ਢਾਹ ਦਿੱਤੀਆਂ ਅਤੇ ਨਵੇਂ ਤੋਂ ਨਵੇਂ ਇਲਾਕੇ ਉਸਦੇ ਕਦਮਾਂ ਹੇਠ ਆਉਣ ਲੱਗੇ।

## ਨਵੀਆਂ ਦੇਵੀਆਂ, ਨਵੇਂ ਦੇਵਤੇ :-

ਜਿਸ ਤਰ੍ਹਾਂ ਅਸੀਂ ਇਸ ਲੇਖ ਲੜੀ ਦੇ ਇਸ ਤੋਂ ਪਹਿਲੇ ਭਾਗ ਵਿੱਚ ਪੜ੍ਹਿਆ ਹੈ ਕਿ ਸ਼ਿਕਾਰੀ ਆਦਿ ਮਨੁੱਖ ਜੰਗਲੀ ਸਾਨ੍ਹ, ਬਾਰਾਸਿੰਗੇ ਅਤੇ ਰਿੱਛ ਆਦਿ ਜਾਨਵਰਾਂ ਅੱਗੇ ਪੂਜਾ ਅਤੇ ਜਾਦੂ ਦੀਆਂ ਰਸਮਾਂ ਕਰਦਾ ਹੋਇਆ ਬੇਨਤੀ ਕਰਦਾ ਸੀ ਕਿ ਉਹ ਆਪਣਾ ਮਾਸ ਉਸਨੂੰ ਦਿੰਦੇ ਰਹਿਣ, ਉਸਦੀ ਜਗ੍ਹਾਂ ਤ ਪ੍ਰਚੀਨ ਕਾਲ ਦਾ ਕਿਸਾਨ ਜ਼ਮੀਨ, ਵਰਖਾ, ਸੂਰਜ ਆਦਿ ਅੱਗੇ ਬੇਨਤੀਆਂ ਕਰਦਾ ਸੀ ਕਿ ਉਹ ਉਸਦੀ ਫਸਲ ਚੰਗੀ ਹੋਣ ਦੇਣ। ਇਸ ਕਾਲ ਵਿੱਚ ਹੀ ਇੰਦਰ ਦੇਵਤਾ, ਧਰਤੀ ਮਾਤਾ, ਸੂਰਜ ਦੇਵਤਾ ਅਤੇ ਅਜਿਹੇ ਹੀ ਹੋਰ ਦੇਵੀ-ਦੇਵਤਿਆ ਦੀ ਪੈਦਾਇਸ਼ ਤੇ ਪੂਜਾ ਸ਼ੁਰੂ ਹੋਈ ਜੋ ਉਸਦੇ ਜੀਵਨ ਨਿਰਭਾਹ ਯਾਨੀ ਖੇਤੀ ਅਤੇ ਪਸ਼ੂਆਂ ਨੂੰ ਪ੍ਰਭਾਵਿਤ ਕਰਦੇ ਸਨ। ਇਸ ਤਰ੍ਹਾਂ ਪੈਦਾਵਾਰੀ ਢੰਗਾ ਦੇ ਵਿਕਾਸ ਨੇ ਉਸਦੀ ਦੈਵੀ ਸ਼ਕਤੀਆਂ ਬਾਰੇ ਸੋਚ ਵਿੱਚ ਵੀ ਤਬਦੀਲੀਆਂ ਲਿਆਂਦੀਆਂ ਅਤੇ ਪੁਰਾਣੀਆਂ ਕਲਪਨਾਵਾਂ ਅਤੇ ਵਿਸਵਾਸ਼ਾਂ ਦੀ ਥਾਂ ਨਵਿਆਂ ਨੇ ਲੈ ਲਈ। ★ (ਚਲਦਾ)

# ਡਿਪਰੈਸ਼ਨ (Depression) - ਇੱਕ ਮਾਨਸਿਕ ਰੋਗ

ਮੂਲ ਲੇਖਕ : ਡਾ. ਸੁਰਿੰਦਰ ਨਾਥ ਗੁਪਤਾ

ਅਨੁਵਾਦਕ : ਰਾਜਨ ਸੁਮੀਤ

ਮਾਨਸਿਕ ਰੋਗ ਆਮ ਤੌਰ ਤੇ ਤਿੰਨ ਤਰਾਂ ਦੇ ਹੁੰਦੇ ਹਨ।

1. ਸਾਈਕੋਸਿਸ (Psychosis)
2. ਨਿਊਰੋਸਿਸ (Neurosis) ਅਤੇ
3. ਮੂਡ ਡਿਸਆਡਰ (Mood Disorder)

## *1 ਸਾਈਕੋਸਿਸ -*

ਸਾਈਕੋਸਿਸ ਨੂੰ ਆਮ ਭਾਸ਼ਾ ਵਿੱਚ ਅਸੀਂ ਪਾਗਲਪਣ ਕਹਿ ਸਕਦੇ ਹਾਂ। ਇਸ ਹਾਲਤ ਵਿੱਚ ਰੋਗੀ ਆਪਣਾ ਆਪਾ ਭੁੱਲ ਜਾਂਦਾ ਹੈ। ਉਸਨੂੰ ਆਪਣੇ ਆਪ ਦੀ ਕੋਈ ਸੋਝੀ ਨਹੀਂ ਰਹਿੰਦੀ। ਉਹ ਪਾਗਲਾਂ ਵਾਂਗ ਹਰਕਤਾਂ ਕਰਦਾ ਹੈ।

## *2 ਨਿਊਰੋਸਿਸ -*

ਨਿਊਰੋਸਿਸ ਮਾਨਸਿਕ ਰੋਗੀ ਦੀ ਉਹ ਹਾਲਤ ਹੈ, ਜਿਸ ਵਿੱਚ ਰੋਗੀ ਕਿਸੇ ਅਜਿਹੀ ਉਲਝਣ ਵਿੱਚ ਫਸਿਆ ਹੁੰਦਾ ਹੈ ਜਿਸਦਾ ਉਸ ਕੋਲ ਹੱਲ ਨਹੀਂ ਹੁੰਦਾ। ਸਰੀਰਕ ਤੌਰ ਤੇ ਉਹ ਠੀਕ ਹੀ ਹੁੰਦਾ ਹੈ। ਰੋਜ਼ਾਨਾ ਕੰਮ ਕਾਜ ਵੀ ਕਰਦਾ ਰਹਿੰਦਾ ਹੈ। ਪਰ ਮਾਨਸਿਕ ਉਲਝਣ ਕਾਰਣ ਕਈ ਵਾਰ ਕੰਮ ਦੇ ਪ੍ਰਤੀ ਧਿਆਨ ਨਹੀਂ ਦਿੰਦਾ। ਯੋਗ ਸਲਾਹ ਦੇਣ ਤੇ ਸਹੀ ਗੱਲ ਸਮਝ ਵੀ ਲੈਂਦਾ ਹੈ।

## *3 ਮੂਡ ਡਿਸਆਰਡਰ -*

ਇਨਸਾਨ ਦੀ ਮਨੋਦਸ਼ਾ ਜਾਂ ਮਿਜ਼ਾਜ ਨੂੰ ਮੂਡ ਕਹਿੰਦੇ ਹਨ। ਇਸ ਦੇ ਅਨੁਸਾਰ ਮਨੁੱਖ ਕਦੇ ਖੁਸ਼ੀ, ਕਦੇ ਗਮੀ, ਆਸ਼ਾ ਨਿਰਾਸ਼ਾ, ਚੁਸਤੀ ਅਤੇ ਉਦਾਸੀ ਦਾ ਅਨੁਭਵ ਕਰਦਾ ਰਹਿੰਦਾ ਹੈ। ਇਹ ਹਾਲਤਾਂ ਅਨੁਸਾਰ ਲਗਾਤਾਰ ਬਦਲਦੀ ਰਹਿੰਦੀ ਹੈ। ਆਮ ਲੋਕਾਂ ਦੀ ਮਨੋਦਸ਼ਾ ਕਿਸੇ ਖਾਸ ਕਾਰਣ ਕਰਕੇ ਹੀ ਬਦਲਦੀ ਹੈ। ਪਰ ਜਦੋਂ ਇਹ ਮਨੋਦਸ਼ਾ ਕਿਸੇ ਖਾਸ ਕਾਰਣ ਤੋਂ ਬਿਨ੍ਹਾਂ ਬਦਲਦੀ ਹੈ ਤਾਂ ਇਸਨੂੰ ਮੂਡ ਡਿਸਆਡਰ ਕਿਹਾ ਜਾਂਦਾ ਹੈ।

## ਡਿਪਰੈਸ਼ਨ ਕੀ ਹੁੰਦਾ ਹੈ ?

ਆਮ ਸ਼ਬਦ ਕੋਸ਼ ਵਿੱਚ ਇਸਦਾ ਸਾਬਦਿਕ ਅਰਥ ਉਦਾਸੀ ਹੈ। ਪਰ ਡਾਕਟਰੀ ਸ਼ਬਦ ਕੋਸ਼ ਵਿੱਚ ਇਹ ਇੱਕ ਮਾਨਸਿਕ ਰੋਗ ਹੈ। ਹੁਣ ਅਸੀਂ ਆਮ ਆਦਮੀ ਦੀ ਉਦਾਸੀ ਅਤੇ ਰੋਗੀ ਦੇ ਡਿਪਰੈਸ਼ਨ ਵਿੱਚ ਅੰਤਰ ਸਪਸ਼ਟ ਕਰਦੇ ਹਾਂ। ਜਦੋਂ ਇਨਸਾਨ ਕਿਸੇ ਹਾਲਤ ਵਿੱਚ ਉਦਾਸ ਹੋ ਜਾਂਦਾ ਹੈ ਪਰ ਹਾਲਾਤ ਠੀਕ ਹੋ ਜਾਣ ਤੇ ਉਸ ਦੀ ਉਦਾਸੀ ਦੂਰ ਹੋ ਜਾਂਦੀ ਹੈ ਤਾਂ ਇਸਨੂੰ ਆਮ ਉਦਾਸੀ ਕਿਹਾ ਜਾਂਦਾ ਹੈ। ਜਦੋਂ ਉਦਾਸੀ ਦਾ ਕੋਈ ਕਾਰਣ ਨਹੀਂ ਹੁੰਦਾਂ ਪਰ ਫਿਰ ਵੀ ਮਨੁੱਖ ਦੁਖੀ ਰਹਿੰਦਾ ਹੈ, ਉਹ ਆਤਮਹੀਣਤਾ, ਆਤਮ ਗਿਲਾਨੀ ਅਤੇ ਲਾਚਾਰੀ ਜਿਹੀ ਮਹਿਸੂਸ ਕਰਦਾ ਹੈ, ਉਹ ਕੁਝ ਕਰਨਾ ਚਾਹੁੰਦਾ ਹੈ। ਜੇ ਇਹ ਹਾਲਤ ਛੇਤੀ ਨਹੀਂ ਬਦਲਦੀ ਤਾਂ ਇਹ ਇੱਕ ਮਾਨਸਿਕ ਗੰਢ ਬਣ ਜਾਂਦੀ ਹੈ ਇਸੇ ਨੂੰ ਡਿਪਰੈਸ਼ਨ ਕਿਹਾ ਜਾਂਦਾ ਹੈ।

ਇਹ ਹਾਲਤ ਪੈਦਾ ਹੋਣ ਤੇ ਜਿਉਂਦੇ ਰਹਿਣ ਦੀਆਂ ਸਾਰੀਆਂ ਹਾਲਤਾਂ ਸੁਸਤ ਹੋ ਜਾਂਦੀਆਂ ਹਨ। ਜਿਹੜੀਆਂ ਗੱਲਾਂ, ਜਗ੍ਹਾ, ਖਾਣ ਪੀਣ ਅਤੇ ਮਨੁੱਖ ਉਸਨੂੰ ਚੰਗੇ ਲਗਦੇ ਸਨ ਉਹ ਉਹਨਾਂ ਤੋਂ ਹੁਣ ਨਫਰਤ ਕਰਦਾ ਹੈ। ਇਥੋਂ ਤੀਕ ਕਿ ਉਹ ਆਪਣੇ ਨਿੱਜੀ ਦੋਸਤਾਂ, ਪਤਨੀ, ਬੱਚੇ, ਮਾਂ ਬਾਪ ਤੋਂ ਦੂਰ ਰਹਿਣ ਦੀ ਕੋਸਿਸ਼ ਕਰਦਾ ਹੈ। ਉਸਦਾ ਮਨ ਹਰ ਵੇਲੇ ਉਦਾਸ ਰਹਿੰਦਾ ਹੈ। ਉਹ ਹਰ ਵੇਲੇ ਥਕਾਨ ਮਹਿਸੂਸ ਕਰਦਾ ਹੈ ਭਾਵੇਂ ਉਹ ਕਿੰਨਾ ਸੌਂ ਜਾ ਆਰਾਮ ਕਰ ਚੁੱਕਿਆ ਹੋਵੇ। ਰੋਗੀ ਆਪਣੇ ਆਪ ਨੂੰ ਨਕਾਰਾ, ਅਯੋਗ ਅਤੇ ਢਹਿੰਦੀ ਕਲਾ ਵਿੱਚ ਮਹਿਸੂਸ ਕਰਦਾ ਹੈ। ਕੰਮ ਕਰਨ, ਦੀ ਸੋਚਣ ਵਿਚਾਰਣ ਅਤੇ ਫੈਸਲਾ ਲੈਣ ਦੀ ਤਾਕਤ ਘਟ ਜਾਂਦੀ ਹੈ। ਯਾਦਾਸ਼ਤ ਘਟ ਜਾਂਦੀ ਹੈ। ਆਮ ਕਰਕੇ ਭੁੱਖ ਘਟ ਲੱਗਣ ਕਾਰਣ ਭਾਰ ਘਟ ਜਾਂਦਾ ਹੈ। ਇਸਦੇ ਉਲਟ ਕਈ ਵਾਰ ਰੋਗੀ ਦੇ ਲੋੜ ਤੋਂ ਵੱਧ ਖਾਣ ਕਰਕੇ ਉਸਦਾ ਭਾਰ ਵਧ ਵੀ ਜਾਂਦਾ ਹੈ। ਨੀਂਦ ਘਟ ਜਾਂ ਵੱਧ ਆਉਂਦੀ ਹੈ ਅਤੇ ਉਸਦੀ ਕਾਮ-ਰੁਚੀ ਘਟ ਜਾਂ ਵਧ ਜਾਂਦੀ ਹੈ।

## ਹੋਰ ਲੱਛਣ-

ਰੋਗੀ ਕਬਜ, ਉਲਟੀ, ਪੇਟ ਦਰਦ, ਸਿਰ ਪੀੜ, ਦਿਲ ਧੜਕਣ, ਹੱਡਾ ਪੈਰਾਂ ਦੇ ਜੋੜਾਂ ਦ ਦਰਦ ਦੀ ਸ਼ਕਾਇਤ



ਕਰਦਾ ਰਹਿੰਦਾ ਹੈ। ਝੂੰਜਲਾਹਟ ਅਤੇ ਉਤੇਜਨਾ ਦੇ ਕਾਰਨ ਕਈ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਹੈ। ਰੋਗੀ ਦੇ ਲੱਛਣ ਨੀਮ-ਹਕੀਮਾਂ ਦੇ ਸਮਝ ਵਿੱਚ ਨਾ ਆਉਣ ਕਾਰਣ ਉਹ ਸਾਧਾਂ ਸੰਤਾਂ ਕੋਲੋਂ ਧਾਗੇ ਤਵੀਤਾਂ ਦਾ ਆਸਰਾ ਲੈਂਦਾ ਹੈ। ਉਹ ਉਸਦੇ ਮਨ ਵਿੱਚ ਓਪਰੀ ਛਾਯਾ (ਭੂਤ-ਪ੍ਰੇਤ) ਦਾ ਡਰ ਭਰ ਦਿੰਦੇ ਹਨ ਅਤੇ ਦਹੀਂ ਹੱਥੀਂ ਰੋਗੀ ਦੀ ਲੁੱਟ ਕਰਦੇ ਹਨ।

ਮਨੋਵਿਗਿਆਨਕ ਡਾਕਟਰਾਂ ਦੀ ਰਾਇ ਮੁਤਾਬਿਕ ਆਮ ਆਦਮੀ ਦੀ ਜਿੰਦਗੀ ਵਿੱਚ ਡਿਪਰੈਸ਼ਨ 8 ਤੋਂ 20% ਅਤੇ ਇਸਤਰੀਆਂ ਇਸ ਦੀਆਂ ਦੋ ਗੁਣਾ ਵੱਧ ਸ਼ਿਕਾਰ ਹੁੰਦੀਆਂ ਹਨ। ਇਹ ਰੋਗੀ 30 ਸਾਲ ਦੀ ਉਮਰੋ ਤੋਂ ਵੱਧ ਹੁੰਦੇ ਹਨ ਅਤੇ ਇਹਨਾਂ ਵਿਚੋਂ 20-25% ਦਾ ਹੀ ਠੀਕ ਇਲਾਜ ਹੁੰਦਾ ਹੈ।

## ਕਾਰਣ -

ਡਿਪਰੈਸ਼ਨ ਦੇ ਕਈ ਕਾਰਣ ਹੁੰਦੇ ਹਨ। (1) ਕੁਝ ਲੋਕਾਂ ਵਿੱਚ ਇਹ ਖਾਨਦਾਨੀ ਰੋਗ ਹੁੰਦਾ ਹੈ। (2) ਮਨੋਵਿਗਿਆਨੀਆਂ ਦੇ ਖਿਆਲ ਮੁਤਾਬਿਕ ਜਦੋਂ ਕੋਈ ਮਨੁੱਖ ਕਿਸੇ ਗੱਲ ਤੇ ਆਪਣਾ ਗੁੱਸਾ ਪ੍ਰਗਟ ਨਾ ਕਰ ਸਕੇ ਅਤੇ ਅੰਦਰੇ ਅੰਦਰ ਘੁਟਦਾ ਰਹੇ ਤਾਂ ਗੁਸੇ ਨੂੰ ਅੰਦਰੋਂ ਅੰਦਰ ਦਬਾਉਣ ਨਾਲ ਵੀ ਇਹ ਰੋਗ ਪੈਦਾ ਹੋ ਜਾਂਦਾ ਹੈ (3) ਮਨੋਵਿਗਿਆਨੀਆਂ ਨੂੰ ਇਹ ਵੀ ਸਬੂਤ ਮਿਲੇ ਹਨ ਕਿ ਦਿਮਾਗ ਵਿਚੋਂ ਕੁਝ ਖਾਸ ਨਿਊਰੋਟਰਾਂਸਮੀਟਰਾਂ ਦੀ ਘਾਟ ਹੋ ਜਾਣ ਕਾਰਣ ਡਿਪਰੈਸ਼ਨ ਪੈਦਾ ਹੋ ਜਾਂਦਾ ਹੈ।

ਇਹਨਾਂ ਤਿੰਨਾਂ ਕਾਰਣਾ ਤੋਂ ਬਿਨਾਂ ਇਸਦੇ ਹੋਰ ਵੀ ਕਈ ਕਾਰਣ ਹਨ। ਕੁਝ ਖਾਸ ਹਾਲਤਾਂ ਅਤੇ ਘਟਨਾਵਾਂ ਜੋ ਇਨਸਾਨ ਸਹਿ ਨਹੀਂ ਸਕਦਾ ਅਤੇ ਜੀਵਨ ਤੋਂ ਤੰਗ ਆ ਜਾਂਦਾ ਹੈ ਉਸ ਸਮੇਂ ਡਿਪਰੈਸ਼ਨ ਪੈਦਾ ਹੋ ਜਾਂਦਾ ਹੈ। ਜਿਵੇਂ ਚੜਦੀ ਉਮਰੇ ਜਾਂ ਬੁਢਾਪੇ ਵਿੱਚ ਮੌਤ, ਤਲਾਕ ਜਾਂ ਲੜਾਈ ਝਗੜੇ ਕਾਰਣ ਜੀਵਨ ਸਾਥੀ ਤੋਂ ਵੱਖ ਹੋ ਜਾਣਾ ਕਿਸੇ ਪਿਆਰੇ ਦੀ ਮੌਤ, ਆਰਥਿਕ ਘਾਟਾ, ਔਹਦੇ, ਮਾਨ ਇੱਜਤ ਨੂੰ ਹਾਨੀ ਜਾਂ ਨੌਕਰੀ-ਕਾਰੋਬਾਰ ਤੋਂ ਮਯੂਸੀ ਵੀ ਇਸਦਾ ਕਾਰਨ ਬਣਦੇ ਹਨ।

ਕਈ ਵਾਰ ਅਜਿਹੇ ਪਰਵਾਰਿਕ ਤੇ ਨਿੱਜੀ ਮਸਲੇ, ਵੱਡੀ ਹੋ ਰਹੀ ਲੜਕੀ ਦੇ ਵਿਆਹ ਦਾ ਫਿਕਰ, ਨੌਜਵਾਨ ਪੁਤਰ ਜਾਂ ਧੀ ਵਲੋਂ ਘਰ ਤੋਂ ਬਾਗੀ ਹੋਣਾਂ ਆਦਿ ਕਾਰਨਾਂ ਵਾਲੇ ਵੀ 20% ਆਦਮੀ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਕੈਂਸਰ, ਦਿਲ ਦਾ ਰੋਗ ਅਤੇ ਕੋਈ ਖਤਰਨਾਕ ਬਿਮਾਰੀ, ਬੇ-ਇਲਾਜ ਤੇ ਪੁਰਾਣਾ ਰੋਗ ਵੀ ਡਿਪਰੈਸ਼ਨ ਨੂੰ ਪੈਦਾ ਕਰਦਾ ਹੈ। ਜੇ ਕਿਸੇ ਦਾ ਅਪਰੇਸ਼ਨ ਦੁਆਰਾ ਕੋਈ ਮਹੱਤਵ ਪੂਰਨ ਅੰਗ ਕੱਟ ਦਿੱਤਾ ਜਾਵੇ, ਇਨਸਾਨ ਹਾਲਤਾਂ ਨਾਲ ਸਮਝੋਤਾ ਨਾ ਕਰ ਸਕਦਾ ਹੋਵੇ ਤਾਂ ਵੀ ਡਿਪਰੈਸ਼ਨ ਹੋ ਸਕਦਾ ਹੈ ਜਿਵੇਂ ਕੈਂਸਰ ਦੀ ਰੋਗੀ ਇਸਤਰੀ ਦੀਆਂ ਛਾਤੀਆਂ ਕੱਟ ਦੇਣੀਆਂ, ਬੱਚੇ ਦਾਨੀ ਬਾਹਰ ਕੱਢ ਦੇਣੀ, ਪੁਰਸ਼ ਦਾ ਲਿੰਗ ਜਾਂ ਅੰਡਕੋਸ ਕੱਟ ਦੇਣਾ ਆਦਿ ਵੀ ਡਿਪਰੈਸ਼ਨ ਨੂੰ ਪੈਦਾ ਕਰਦੇ ਹਨ

ਕੁਝ ਲੋਕਾਂ ਨੂੰ ਖਾਸ ਦਵਾਈਆਂ ਵੀ ਡਿਪਰੈਸ਼ਨ ਪੈਦਾ ਕਰ ਦਿੰਦੀਆਂ ਹਨ। ਜਿਵੇਂ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਾਲੀਆਂ ਜਿਵੇਂ Me thyl-Dopa, Diazepam Clonidine ਆਦਿ ਜਾਂ ਫਿਰ ਅਫੀਮ ਤੇ ਹੋਰ ਨੀਂਦ ਲਿਆਉਣ ਵਾਲੀਆਂ ਦਵਾਈਆਂ ਹਨ।

## *ਡਿਪਰੈਸ਼ਨ ਦੀਆਂ ਕਿਸਮਾਂ —*

ਡਿਪਰੈਸ਼ਨ ਦਾ ਵਰਗੀ ਕਰਨ ਕਈ ਤਰਾਂ ਨਾਲ ਕੀਤਾ ਜਾਂਦਾ ਹੈ। ਜਦੋਂ ਉਪਰੋਕਤ ਹਾਲਤਾਂ ਵਿਚੋਂ ਕੋਈ ਸਪਸ਼ਟ ਕਾਰਨ ਡਿਪਰੈਸ਼ਨ ਦਾ ਕਾਰਨ ਬਣਦਾ ਹੈ ਤਾਂ ਉਸਨੂੰ ਰੀਐਕਟਿਵ (Reactive) ਡਿਪਰੈਸ਼ਨ ਕਹਿੰਦੇ ਹਨ। ਜਦੋਂ ਕੋਈ ਅਣਜਾਣ ਕਾਰਨ ਹੋਵੇ ਤਾਂ ਉਸਨੂੰ Endogenous Depression ਕਿਹਾ ਜਾਂਦਾ ਹੈ।

ਇਸ ਵਿੱਚ ਇੱਕ ਹੋਰ ਵਰਗ ਵੀ ਆਉਂਦਾ ਹੈ ਜਿਸ ਨੂੰ Masked Depression ਜਾਂ ਗੁਪਤ ਡਿਪਰੈਸ਼ਨ ਕਿਹਾ ਜਾਂਦਾ ਹੈ। ਇਹੋ ਜਿਹਾ ਰੋਗੀ ਸਿਰਫ ਸਰੀਰਕ ਰੋਗ ਦੀ ਸ਼ਕਾਇਤ ਕਰਦਾ ਹੈ ਜਿਵੇਂ — ਸਿਰ ਦਰਦ, ਲੱਕ ਦਰਦ, ਨੀਂਦ ਨਾ ਆਉਣੀ, ਕੰਮਜ਼ੋਰੀ, ਥਕਾਵਟ, ਹੱਡ ਪੈਰ ਦੁਖਣੇ ਭੁੱਖ ਘੱਟ ਲਗਣੀ ਆਦਿ। ਪਰ ਇਹੋ ਜਿਹੇ ਰੋਗੀ ਦੇ ਸਾਰੇ ਸਰੀਰਕ ਲਛਣਾਂ ਦੀ ਪੜਤਾਲ ਕਰਨ ਤੇ ਅਤੇ ਦਵਾਈ ਦੇਣ ਤੇ ਵੀ ਕੋਈ ਲਾਭ ਨਹੀਂ ਹੁੰਦਾ। ਸਗੋਂ

ਡਾਕਟਰ ਵਲੋਂ ਐਂਟੀ ਡਿਪਰੈਂਸੈਂਟ ਦਵਾਈ ਦੇਣ ਤੇ ਹੀ ਲਾਭ ਹੋ ਸਕਦਾ ਹੈ। ਮੂਡ ਡਿਸਆਰਡਰ ਦੇ ਘੇਰੇ ਵਿੱਚ ਆਉਂਦੇ ਹੁਣ ਤਕ ਕਹੇ ਗਏ ਡਿਪਰੈਸ਼ਨ ਤੋਂ ਛੁੱਟ ਕਦੇ ਕਦਾਈਂ ਹੋਰ ਤਰਾਂ ਦੇ ਡਿਪਰੈਸ਼ਨ ਵੀ ਹੁੰਦੇ ਹਨ। ਜਦੋਂ ਨਿਊਰੋਸਿਸ ਦੇ ਰੋਗੀ ਵਿੱਚ ਡਿਪਰੈਸ਼ਨ ਦੇ ਲੱਛਣ ਜਿਆਦਾ ਹੁੰਦੇ ਹਨ ਤਾਂ ਉਸਨੂੰ Neurotic Depression ਕਹਿੰਦੇ ਹਨ।

## ਆਤਮ ਹੱਤਿਆ ਦੀ ਸੰਭਾਵਨਾ —

ਡਿਪਰੈਸ਼ਨ ਦੇ ਕਾਰਣ ਕੁਝ ਰੋਗੀ ਆਤਮ ਹੱਤਿਆ ਵੀ ਕਰ ਲੈਂਦੇ ਹਨ। ਭਾਵੇਂ ਭਾਰਤ ਵਿੱਚ ਇਸਦੇ ਸਹੀ ਅੰਕੜੇ ਨਹੀਂ ਮਿਲਦੇ ਪਰ ਅਮਰੀਕਾ ਵਿੱਚ ਡਿਪਰੈਸ਼ਨ ਕਾਰਨ ਹਰ ਸਾਲ 25,000 ਰੋਗੀ ਖੁਦਕਸ਼ੀ ਕਰ ਲੈਂਦੇ ਹਨ। ਸਹੀ ਸੰਖਿਆ ਇਸ ਤੋਂ ਵੀ ਵੱਧ ਹੋ ਸਕਦੀ ਹੈ। ਖੁਦਕਸ਼ੀ ਕਰਨ ਵਾਲੇ ਮਰੀਜਾਂ ਵਿੱਚ ਪੁਰਸ਼ਾਂ ਦੀ ਗਿਣਤੀ ਔਰਤਾਂ ਤੋਂ ਵੱਧ ਹੈ। ਵਡੇਰੀ ਉਮਰ ਦੇ ਰੋਗੀਆਂ ਵਲੋਂ ਖੁਦਕਸ਼ੀ ਕਰਨ ਦੀ ਸੰਭਾਵਨਾਂ ਵੱਧ ਹੁੰਦੀ ਹੈ ਖਾਸ ਕਰਕੇ ਉਹ ਜਿਹਨਾਂ ਦਾ ਜੀਵਨ ਸਾਥੀ ਨਹੀਂ ਰਹਿੰਦਾ। ਇਹ ਆਤਮ-ਹਤਿਆਵਾਂ ਭਾਵਨਾਂ ਅਤੇ ਅਵੇਸ਼ ਵਿੱਚ ਆ ਕੇ ਨਹੀਂ ਸਗੋਂ ਯੋਜਨਾ ਬੱਧ ਢੰਗ ਨਾਲ ਹੁੰਦੀਆਂ ਹਨ। ਰੋਗੀ ਆਤਮ ਹੱਤਿਆ ਦੀ ਗੱਲ ਆਪਣੇ ਸਾਥੀਆਂ, ਰਿਸ਼ਤੇਦਾਰਾਂ ਨਾਲ ਕਰਦਾ ਰਹਿੰਦਾ ਹੈ। ਪਰ ਉਸਦੀ ਗੱਲ ਤੇ ਗੌਰ ਨਹੀਂ ਕੀਤੀ ਜਾਂਦੀ। ਸੋ ਇਸ ਤਰਾਂ ਦੇ ਰੋਗੀ ਦੀਆਂ ਅਜਿਹੀਆਂ ਗੱਲਾਂ ਨੂੰ ਕੇਵਲ ਫੋਕੀ ਧਮਕੀ ਹੀ ਨਹੀਂ ਸਮਝ ਲੈਣਾ ਚਾਹੀਦਾ ਸਗੋਂ ਉਸਦੀਆਂ ਹਰਕਤਾਂ ਪ੍ਰਤੀ ਜਾਗਰੂਪ ਰਹਿਣਾ ਚਾਹੀਦਾ ਹੈ।

## ਇਲਾਜ —

ਡਿਪਰੈਸ਼ਨ ਰੋਗ ਦਾ ਇਲਾਜ ਐਨਾ ਸੌਖਾ ਨਹੀਂ ਡਾਕਟਰ ਕੋਲ ਰੋਗੀ ਦੇ ਪਰਿਵਾਰ ਦੇ ਮੈਂਬਰਾਂ ਨੂੰ ਰੋਗੀ ਬਾਰੇ ਕੋਈ ਗੱਲ ਛੁਪਾਉਣੀ ਨਹੀਂ ਚਾਹੀਦੀ। ਠੀਕ ਇਲਾਜ ਨਾਲ 70-80% ਰੋਗੀ ਠੀਕ ਹੋ ਜਾਂਦੇ ਹਨ। 1950 ਤੋਂ ਪਹਿਲਾਂ ਡਿਪਰੈਸ਼ਨ ਦੇ ਰੋਗੀ ਨੂੰ ਠੀਕ ਹੋਣ ਵਾਸਤੇ 6-8 ਮਹੀਨੇ ਲਗਦੇ ਸਨ ਪਰ ਅੱਜ ਕੱਲ ਕੁਝ ਹਫਤਿਆਂ ਵਿੱਚ ਹੀ ਇਲਾਜ ਹੋ ਜਾਂਦਾ ਹੈ। ਰੋਗੀ ਨਾਲ ਪਰਿਵਾਰ ਦੇ ਮੈਂਬਰਾਂ ਦੀ ਹਮਦਰਦੀ ਦੀ ਬਹੁਤ ਜਰੂਰਤ ਹੁੰਦੀ ਹੈ। ਹਰੇਕ ਮਰੀਜ ਦਾ ਇਲਾਜ ਉਸਦੀ ਨਿੱਜੀ ਹਾਲਤ ਮੁਤਾਬਿਕ ਹੋਣਾ ਚਾਹੀਦਾ ਹੈ। ਮਾਨਸਿਕ ਰੋਗੀ ਨੂੰ ਵੀ ਚਾਹੀਦਾ ਹੈ ਕਿ ਉਹ ਡਾਕਟਰ ਤੋਂ ਕੋਈ ਗੱਲ ਨਾ ਛੁਪਾਏ ਅਤੇ ਬਿਨਾਂ ਡੱਰ ਦੇ ਉਸ ਨਾਲ ਵਿਚਾਰ ਸਾਂਝੇ ਕਰੇ। ਕਿਸੇ ਰੋਗੀ ਨੂੰ ਮਾਨਸਿਕ ਹਸਪਤਾਲ ਵਿੱਚ ਦਾਖਲ ਕਰਨਾ ਹੈ ਜਾਂ ਨਹੀਂ ਇਹ ਫੈਸਲਾ ਵੀ ਡਾਕਟਰ ਨੇ ਆਪ ਕਰਨਾ ਹੁੰਦਾ ਹੈ।

ਡਿਪਰੈਸ਼ਨ ਦੇ ਇਲਾਜ ਲਈ ਕੁਝ ਦਵਾਈਆਂ ਹਨ ਜਿੰਨ੍ਹਾਂ ਨੂੰ ਐਂਟੀ ਡਿਪਰੈਂਸੈਂਟ ਕਹਿੰਦੇ ਹਨ ਜੋ ਕਿ 3-4 ਹਫਤੇ ਖਾਣੀਆਂ ਪੈਂਦੀਆਂ ਹਨ। ਇਹਨਾਂ ਦੀ ਵਰਤੋਂ ਕਰਦੇ ਹੋਏ ਮੂੰਹ ਦਾ ਸੁਕਣਾਂ ਦਿਲ ਦਾ ਧੜਕਣਾ ਆਦਿ ਲੱਛਣ ਵੀ ਪੈਦਾ ਹੁੰਦੇ ਹਨ ਪ੍ਰੰਤੂ ਰੋਗੀ ਨੂੰ ਹੌਸਲੇ ਨਾਲ ਦਵਾਈਆਂ ਖਾਣੀਆਂ ਚਾਹੀਦੀਆਂ ਹਨ ਅਤੇ ਸਹੀ ਮਾਤਰਾ ਵਿੱਚ ਲੈਣੀਆਂ ਚਾਹੀਦੀਆਂ ਹਨ। ਆਰਾਮ ਆ ਜਾਣ ਤੇ ਸਾਲ ਭਰ ਖਾਂਦੇ ਰਹਿਣਾ ਚਾਹੀਦਾ ਹੈ।

ਕੁਝ ਰੋਗੀਆਂ ਲਈ ਮਨੋ ਰੋਗ ਮਾਹਿਰਾਂ ਦੀ ਰਾਏ ਮੁਤਾਬਿਕ ਇਲੈਕਟਰੋ ਕਨਵਰਸਿਵ ਥਰੈਪੀ (E.C.T.) ਜਾਂ Lithium Therapy ਦੀ ਜਰੂਰਤ ਹੋ ਸਕਦੀ ਹੈ। ਪਰ ਇਸਦਾ ਫੈਸਲਾ ਵੀ ਡਾਕਟਰ ਹੀ ਕਰ ਸਕਦਾ ਹੁੰਦਾ ਹੈ।

□

# ਤਰਕਸ਼ੀਲਤਾ

ਜੱਸ ਦੇਵਿੰਦਰ-ਰੱਤੀ-ਧਰਮਕੋਟ

ਸੋਚ ਨੂੰ ਨਿਖਾਰਦੀ ਤਰਕਸ਼ੀਲਤਾ,
ਜ਼ਿੰਦਗੀ ਸੰਵਾਰਦੀ ਤਰਕਸ਼ੀਲਤਾ।
ਬੇ-ਮਤਲਬੀ, ਬੇ ਮਾਨਿਆਂ 'ਚੋਂ ਕੱਢਕੇ,
ਕਰਵਟ ਬਦਲੇ ਕਿਰਦਾਰ ਦੀ ਤਰਕਸੀਲਤਾ।
ਇਨਸਾਨ ਨੇ ਹੀ ਘੜੇ ਨੇ ਭਗਵਾਨ ਤੇ ਦੇਵਤੇ,
ਇਹੋ ਗੱਲ ਹੈ ਨਿਤਾਰਦੀ ਤਰਕਸ਼ੀਲਤਾ।
ਹਰ ਜ਼ੁਲਮ, ਹਰ ਝੂਠ ਤੇ ਹਰ ਭਰਮ ਤੋੜਦੀ,
ਹਰ ਰਾਜ਼ ਨੂੰ ਵੰਗਾਰਦੀ ਤਰਕਸ਼ੀਲਤਾ
ਇਹਨਾਂ ਧਰਮਾਂ, ਭਰਮਾਂ ਦੇ ਖੰਡਰਾਂ ਨੂੰ ਢਾਹ ਕੇ
ਤਰਕ ਦੇ ਮਹਿਲ ਉਸਾਰ ਦੀ ਤਰਕਸ਼ੀਲਤਾ।



# ਅੱਖਾਂ 'ਚੋਂ ਸੂਈਆਂ, ਕੱਚ, ਸੂਲਾਂ ਤੇ ਕਣ ਕੱਢਣ ਵਾਲੀ ਮੁਟਿਆਰ

ਨਿੰਦਰਾਈਆਂ ਅਖਾਂ...ਲਾਲ-ਪੀਲੇ ਡਰੇ...ਸੁੱਜੇ ਹੋਏ ਕੋਏ...ਪੀਲਾ ਚਿਹਰਾ ਪਲ ਪਲ ਪਿਛੋਂ ਉਬਾਸੀ ਦੇ ਨਾਲ ਅੰਗੜਾਈਆਂ ਭਰਦੀ ਸੋਹਲਵੇਂ ਕੁ ਸਾਲ ਦੀ ਮੁਟਿਆਰ ਕੁੜੀ ਮਨਵੀਰ ਕੌਰ ਮੰਜੇ ਤੇ ਪਈ ਇਉਂ ਲਗਦੀ ਜਿਵੇਂ ਸਾਲਾਂ ਤੋਂ ਇਥੇ ਹੀ ਪਈ ਹੋਵੇ...ਸਿਰਹਾਣੇ ਬੈਠੀ ਮਾਂ ਵਰਗੀ ਸੱਸ ਸੰਤੀ, ਮਿਠ ਬੋਲੜੀ...ਪਲ ਪਲ ਪਿਛੋਂ ਹੱਥ ਜੋੜ ਉਪਰ ਵਾਲੇ ਦਾ ਭਾਣਾ ਮੰਨਣ ਵਾਲੀ...ਨਿੱਤ ਗੁਰਦਵਾਰੇ ਜਾਂਦੀ ਪਰ ਅੰਤਾਂ ਦੀ ਦੁੱਖੀ। ਖੁਲ੍ਹੇ ਵਿਹੜੇ ਵਾਲਾ ਸਰਦਾ-ਪੁਜਦਾ ਘਰ...ਅੰਦਰ ਵੜਦਿਆਂ ਇਕ ਪਾਸੇ ਤੂੜੀ ਵਾਲਾ ਕੋਠਾ ਖੱਬੇ ਹੱਥ ਮੁਰਗੀ ਖਾਨਾ ਤੇ ਨਾਲ ਹੀ ਦੋ ਕਮਰੇ ਇਕ ਮਹਿਮਾਨਾਂ ਲਈ ਤੇ ਦੂਜਾ ਘਰੇਲੂ ਵਰਤੋਂ ਲਈ... ਨਾਲ ਹੀ ਗੁਸਲਖਾਨਾ ਤੇ ਸਾਹਮਣੇ ਰਸੋਈ, ਰਸੋਈ ਨਾਲ ਕਿੱਕਰ ਦਾ ਰੁੱਖ ਤੇ ਹੇਠ ਖੜ੍ਹੇ, ਪਸ਼ੂ ਘਰ ਦੀ ਮਧਵਰਗੀ ਕਿਸਾਨੀ ਦਿੱਖ ਬਣਾਉਂਦੇ ਹਨ, ਜਦੋਂ ਮੈਂ ਤੇ ਨਰਿੰਦਰ ਪਟਵਾਰੀ ਮੁੱਖ ਸੜਕ ਤੋਂ ਦੋ ਕੁ ਕਿਲੋਮੀਟਰ ਪੈਦਲ ਚੱਲਕੇ ਉਪਰੋਕਤ ਘਰੇ ਜਾ ਪੁੱਜੇ। ਘਰ ਵਾਲਿਆਂ ਨੂੰ ਜਿਵੇਂ ਸਾਡੀ ਉਡੀਕ ਹੀ ਸੀ...ਘਰ ਦੀ ਮਾਲਕਣ ਸੰਤੀ ਨੇ ਸਾਨੂੰ ਪੁੱਤਾਂ ਵਾਂਗ ਸਿਰ ਪਲੋਸ ਪਿਆਰ ਦਿੱਤਾ ਤੇ ਬੈੱਡ ਤੇ ਬਿਠਾ, ਸਾਹਮਣੇ ਚੌਂਕੇ 'ਚ ਬੈਠੀ ਆਪਣੀ ਛੋਟੀ ਨੂੰਹ ਬਲਵੀਰ ਕੌਰ ਨੂੰ ਚਾਹ ਬਨਾਉਣ ਲਈ ਕਹਿਣ ਲੱਗੀ।

"ਸ਼ੁਕਰ ਆ ਪੁੱਤ ਤੁਸੀਂ ਆ ਗਏ...ਖਬਰਾ ਸਾਡਾ ਭਲਾ ਥੋਡੇ ਹੱਥੀਂ ਈ ਲਿਖਿਐ" ਪੰਜਾਹਾਂ ਨੂੰ ਢੁਕੀ ਸੰਤੀ ਨੇ ਲੰਬਾ ਹੌਕਾ ਭਰਿਆ।

"ਕੋਈ ਗੱਲ ਨੀ ਮਾਂ ਜੀ, ਸਾਡੀ ਤਾਂ ਕੋਸ਼ਿਸ਼ ਆ" ਨਰਿੰਦਰ ਪਟਵਾਰੀ ਨੇ ਭਰਵਾਂ ਦਿਲਾਸਾ ਦਿੱਤਾ।

"ਵੈਸੇ ਬੀਬੀ ਜੀ ਕਣ ਵਗੈਰਾ ਨਿਕਲਣ ਵਾਲੀ ਘਟਨਾ ਵਾਪਰਦੀ ਕਿਵੇਂ ਐ ?" ਮੈਂ ਗੱਲ ਤੋਰਨੀ ਚਾਹੀ।

"ਪੁੱਤ ਕਾਹਦਾ...ਆਹ ਢਾਈ-ਤਿੰਨ ਸਾਲ ਹੋ ਗਏ ਵੱਡੀ ਨੂੰਹ ਨੂੰ ਆਇਆਂ...ਊਂ ਤਾਂ ਧੀਆਂ-ਪੁੱਤਾਂ ਦਾ ਆਪਣਾ ਕਰਮ ਹੁੰਦੈ...ਪਰ ਪੁੱਤ ਉਦੋਂ ਦੀ ਹੀ ਸਾਡੇ ਤਾਂ ਇਕ ਡੰਗ ਪਕਦੀਆ...ਦੂਜੇ ਡੰਗ ਭੁਖੇ ਸੌਂਈ ਦੈ...ਊਂ ਰੱਬ ਨੇ ਬਥੇਰਾ ਭਾਗ ਲਾਇਆ ਪਿਐ...ਗੱਡੀਆਂ ਨੇ ਝਾਂਸੀ... ਜਮੀਨ ਸੁੱਖ ਨਾਲ ਬਥੇਰੀਆ ਪਰ ਆਹ ਪਤਾ ਨੀ ਸਾਥੋਂ ਕੀ ਭੁਲ ਹੋਗੀ...ਦੋ ਸਾਲ ਹੋਗੇ।

"ਅੱਛਾ ਮਾਂ ਜੀ ਦੋ ਸਾਲ ਤੋਂ ਹੀ ਕਣ...?" ਅਜੇ ਮੈਂ ਸਵਾਲ ਪੂਰਾ ਵੀ ਨਹੀਂ ਸੀ ਕੀਤਾ ਕਿ ਉਹ ਬੋਲ ਪਈ।

"ਕਾਹਨੂੰ ਪੁੱਤ ਪਹਿਲਾਂ ਪਹਿਲਾਂ ਤਾਂ ਸਾਡੇ ਟੂਣੇ ਡਿਗਿਆ ਕਰਨ ਕਦੇ ਲਾਲ ਮਿਰਚਾਂ ਸੱਤ ਸੱਤ-ਖੰਮਣੀਆਂ 'ਚ ਬੰਨ੍ਹੀਆਂ ਹੋਣੀਆਂ ਕਦੇ ਸੰਧੂਰ ਦੀਆਂ ਚੁੱਟਕੀਆਂ...ਕਦੇ ਸੁਆਹ ਦੇ ਲੱਡੂ.. ਅਸੀਂ ਬਥੇਰਾ ਰਾਤਾਂ ਨੂੰ ਜਾਗ ਜਾਗ ਕੇ ਦੇਖਿਆ.. ਫੇਰ ਰੋਸ਼ਨ ਦਾਨਾਂ 'ਚ ਪਏ ਹੋਇਆ ਕਰਨ ਟੂਣੇ...ਕਦੇ ਗੁਸਲਖਾਨੇ 'ਚ...ਚਲ ਪੁੱਤ ਫੇਰ ਅਸੀਂ ਧਾਗੇ ਤਵੀਤ ਵੀ ਕਰਵਾਏ...ਮੈਂ ਹਰ ਰੋਜ਼ ਗੁਰਦਵਾਰੇ ਜਾ ਕੇ ਭੁੱਲ ਬਖਸ਼ੌਣੀ...ਦਸ ਕੁ ਦਿਨ ਤਾਂ ਠੀਕ ਰਿਹਾ...ਫਿਰ ਇਕ ਦਿਨ ਸਾਡੀ ਆਹ ਗੁੱਡੀ ਮੁਰਗੀਖਾਨੇ ਨੂੰ ਮੂਹਰਿਉ ਕਲੀ ਕਰਨ ਲੱਗੀ...ਕੁੜੀ ਜਿਥੇ ਕਲੀ ਕਰੇ...ਮਗਰ ਸੰਧੂਰ ਦੇ ਟਿੱਕੇ ਲਗਦੇ ਜਾਣ..। ਥੋੜੇ ਦਿਨ੍ਹਾਂ ਮਗਰੋਂ ਤੂੜੀ ਵਾਲੇ ਕੋਠੇ 'ਚ ਅੱਗ ਲੱਗਗੀ...ਮਸਾਂ ਪਿੰਡ ਨੇ ਬੁਝਾਈ...ਕੱਠੀਆਂ ਕਈ ਕਈ ਮੁਰਗੀਆਂ ਮਰਜਿਆ ਕਰਨ, ਫੇਰ ਤਾਂ ਪੁੱਤ ਪੁੱਛੋ ਨਾ ਕੁਛ। ਸਾਡਾ ਖਾਣ ਪੀਣ ਛੁੱਟ ਗਿਆ...ਕਦੇ ਟਰੰਕ 'ਚ ਅੱਗ ਲੱਗਜੇ...ਕਦੇ ਅਲਮਾਰੀ 'ਚ...ਆਹ ਪਲੰਘ ਦੇ ਪਾਵੇ ਦੇਖ ਲੋ...ਔਹ ਅਲਮਾਰੀ ਤੇ ਅਜੇ ਵੀ ਸੇਕ ਲੱਗਿਆ ਪਿਐ।" ਉਹ ਗੱਲਾਂ ਕਰਦੀ ਕਰਦੀ ਹਫ ਜਿਹੀ ਗਈ, ਮੱਥੇ ਤੇ ਹੱਥ ਰੱਖ ਲੰਬਾ ਹੌਕਾ ਭਰਿਆ ਜਿਵੇਂ ਦਰਦੀਲੀਆਂ ਯਾਦਾਂ 'ਚ ਡੂੰਘੀ ਉਤਰ ਗਈ ਹੋਵੇ।" ਫਿਰ ਪੁੱਤ ਦੁੱਖਾਂ ਦੇ ਪਹਾੜ ਟੁੱਟ ਗਏ...ਸਾਰਾ ਪਿੰਡ ਪਹਿਰਾ ਦਿਆ ਕਰੇ...ਮੇਰੀ ਦਿਨ ਰਾਤ ਅੱਖ ਨਾ ਲੱਗਣੀ...ਕਦੇ ਰੋਟੀ ਦੀ ਬੁਰਕੀ ਹੱਥ 'ਚ ਹੋਣੀ, ਕਿਸੇ ਨਾ ਕਿਸੇ ਪਾਸਿਉਂ ਧੂੰਆਂ ਨਿਕਲ ਪੈਣਾ। ਇਕ ਦਿਨ ਇਹ ਬਹੂ (ਮਰੀਜ) ਗੁਸ਼ਲਖਾਨੇ ਨਹਾਉਣ ਵੜੀ, ਕੂਕਾਂ ਮਾਰਨ ਲੱਗ ਪਈ ਜਦੋਂ ਮੈਂ ਉਠ ਕੇ ਦੇਖਿਆ ਤਾਂ ਕੀਲੀ ਤੇ ਟੰਗੀ ਸਲਵਾਰ ਨੂੰ ਅੱਗ..."ਫਿਰ ਮਾਂ ਜੀ ਤੁਸੀਂ ਕੋਈ ਇਲਾਜ ਵਗੈਰਾ ਨੀ ਕਰਵਾਇਆ ਕਿਤੋਂ ?"

ਮੈਂ ਚਾਹ ਦਾ ਗਿਲਾਸ ਚੁੱਕਦੇ ਹੋਏ ਸਵਾਲ ਕੀਤਾ।

"ਅਸੀਂ ਪੁੱਤ ਕੋਈ ਕਸਰ ਛੱਡੀਆ...ਛੀਨੀ ਆਲੀ ਏ ਸਾਧ ਤੋਂ...ਕਮਾਲ ਪੁਰੀਏ ਸਿਆਣੇ ਤੋਂ...ਮਲੇਰਕੋਟਲੇ ਤੋਂ ਵੀ...ਜਿਥੇ ਜਿਥੇ ਸ਼ਾਨੂੰ ਦੱਸ ਪਈ ਮੈਂ ਗਈ ਬਥੇਰੀਆਂ ਚੌਂਕੀਆਂ ਭਰੀਆਂ। ਛੀਨੀਆਲੀਆ ਸਾਧ ਏਥੇ ਆਇਆ... ਸ਼ਾਰਾ ਪਿੰਡ ਕੱਠਾ ਹੋ ਗਿਆ...ਸਾਰਾ ਦਿਨ ਆਪਦੀਆਂ ਆਪ ਈ ਵਡਿਆਈਆਂ ਕਰਦਾ ਰਿਹਾ...ਸਾਡੀ ਇੱਕ ਨਾ ਸੁਣੀ...ਕੰਬਲ ਤੇ ਢਾਈ ਸੌ ਦਿੱਤਾ ਤਾਂ ਉਹ ਵਿਦਾ ਕਰਿਆ...ਫਿਰ ਕਮਾਲ ਪੁਰੋਂ ਸਿਆਣਾ ਲਿਆਂਦਾ...ਉਹ ਵਿਚਾਰਾ ਉਈਂ ਡਰ ਗਿਆ.. ਕਹਿੰਦਾ ਇਹ ਤਾਂ ਬਹੁਤ ਭਾਰੀ ਜਿੰਨ ਐ...ਮੇਰੇ ਵੱਸ ਦਾ ਰੋਗ ਨੀ ..ਚੌਂਕੀਆਂ ਲਾ ਕੇ ਪੀਰ ਧਿਆ ਕੇ ਦੇਖੂੰ ਜੇ ਮੇਰੇ ਵੱਸ ਆ ਗਿਆ . ਪਰ ਪੁੱਤ ਉਹ ਵੀ" ਬੁੱਢੀ ਨੇ ਸਿਰ ਫੇਰਿਆ ਜਿਵੇਂ ਸਭ ਢੇਰੀਆਂ ਢਹਿ ਗਈਆਂ ਹੋਣ।

"ਫਿਰ ਮਾਂ ਜੀ ਇਹ ਘਟਨਾਵਾਂ ਹੁਣ ਵੀ ਹੁੰਦੀਆਂ ਨੇ ?" ਪਟਵਾਰੀ ਨੇ ਗੱਲ ਦੀ ਲੜੀ ਜੋੜੀ।

"ਨਹੀਂ ਪੁੱਤ ਫੇਰ ਅੱਗਾਂ ਤਾਂ ਲੱਗਣੋ ਆਪੇ ਹੱਟ ਗਈਆਂ...ਪਰ ਹੋਰ ਬਿਪਤਾ ਆ ਪਈ...ਵੱਡੀ ਬਹੂ ਦੀਆਂ ਅੱਖਾਂ ਚੋਂ ਸੂਈਆਂ ਦੇ ਟੋਟੇ ਨਿਕਲਿਆ ਕਰਨ...ਕਦੇ ਸੂਲਾਂ ਬੇਰੀ ਦੀਆਂ...ਅਸੀਂ ਤਾਂ ਹੋਰ ਡਰਗੇ...ਕੇਰਾਂ ਸਾਡੇ ਚੁੱਲ੍ਹੇ ਤੇ ਬਿਜਲੀ ਦਾ ਬੱਲਬ ਖਿਆ ।ਧਿਆ ਟੁੱਟ ਗਿਆ...ਅਗਲੇ ਦਿਨ ਹੀ ਇਹਦੀਆਂ ਅੱਖਾਂ ਚੋਂ ਕੱਚ ਦੇ ਟੋਟੇ ਰੜਕਣ ਲੱਗ ਗੇ...ਫਿਰ ਦੰਦਲਾ ਪੈਣ ਲੱਗਗੀਆਂ ਮੰਜੇ ਤੇ ਪਈ ਕੁੜੀ (ਨੂੰਹ) ਨੇ ਉਬਾਸੀ ਲਈ ਤੇ ਅੰਗੜਾਈ ਲੈਂਦਿਆਂ "ਹਾਏ... ਦੀ ਲੰਬੀ ਹੂੰਗ ਮਾਰੀ ਤੇ ਅੱਖਾਂ ਨੂੰ ਮਲਣ ਲੱਗੀ ।

"ਨੀ ਆਂਈਂ ਕੁੜੇ ਕਰਮੀ" ਬੁੱਢੀ ਨੇ ਆਪਣੀ ਕੁੜੀ ਨੂੰ ਹਾਕ ਮਾਰੀ। ਉਹ ਚੁੱਲ੍ਹੇ ਤੋਂ ਉਠੀ ਹੱਥ ਸਾਫ਼ ਕੀਤੇ ਤੇ ਸਿਰ੍ਹਾਣੇ ਆ ਕੇ ਬਹਿ ਗਈ...ਜਿਵੇਂ ਇਹ ਸਭ ਕੁਛ ਹਰ ਰੋਜ਼ ਹੀ ਚਲਦਾ ਹੋਵੇ। ਆਉਣ ਸਾਰ ਹੀ ਉਹਨੇ ਆਪਣੀ ਭਾਬੀ ਦੀ ਅੱਖ ਖੋਹਲੀ ਤੇ ਡੇਢ ਇੰਚ ਲੰਬਾ ਤੀਲਾ ਅੱਖ ਚੋਂ ਕੱਢ ਦਿੱਤਾ।

"ਆਹ ਦੇਖ ਲੋ ਭਾਈ...ਆਹ ਕੁਛ ਆ ਹੁਣ ਤਾਂ" ਬਜ਼ੁਰਗ ਸੱਸ ਨੂੰਹ ਦੇ ਦੁੱਖ ਵਿੱਚ ਗਰਕੀ ਪਈ ਸੀ।

"ਮਾਂ ਜੀ...ਤੁਸੀਂ ਕਿਹੈ ਬਈ ਵਿਆਹ ਹੋਏ ਨੂੰ ਤਿੰਨ ਸਾਲ ਹੋ ਗਏ ਕੋਈ ਬੱਚਾ...? ਮੈਂ ਗੱਲ ਦੀ ਤਹਿ ਤੱਕ ਜਾਣ ਦੀ ਸੋਚੀ। ਸੱਸ ਦੀਆਂ ਅੱਖਾਂ ਨੂੰਹ ਦਾ ਸਾਰਾ ਸਰੀਰ ਨਿਹਾਰ ਗਈਆਂ ਤੇ ਅਪਣੀਆਂ ਉਂਗਲਾ ਉਹਦੇ ਵਾਲ੍ਹਾਂ 'ਚ ਫੇਰਦੀ ਕਹਿਣ ਲੱਗੀ। "ਪੁੱਤ ਪਹਿਲਾਂ ਚੌਥੇ ਮਹੀਨੈ ਖਰਾਬ ਹੋ ਗਿਆ...ਫਿਰ ਆਹ ਹੁਣ ਪੰਜਵਾਂ ਮਹੀਨਾ...?" ਮੰਜੇ ਤੇ ਪਈ ਨੂੰਹ ਨੇ ਪਾਸਾ ਪਰਤ ਲਿਆ।

"ਮਾਂ ਜੀ" ਪਹਿਲੇ ਚਾਰ ਮਹੀਨਿਆਂ" 'ਚ ਘਰੇ ਘਟਨਾ ਵਾਪਰੀ ਕੋਈ ?" ਪਟਵਾਰੀ ਦਾ ਸਵਾਲ ਸੀ।

"ਪੁੱਤ ਅੱਗਾਂ ਤਾਂ ਉਦੋਂ ਹੀ ਲਗਦੀਆਂ ਸੀ।"

"ਬੱਚਾ ਖਰਾਬ ਹੋਣ ਤੋਂ ਬਾਅਦ...?" ਮੈਂ ਸਵਾਲ ਕੀਤਾ।

"ਭਾਈ ਫੇਰ ਨੀ ਅੱਠ ਨੌ ਮਹੀਨੇ ਕੁੱਛ ਹੋਇਆ... ਅਸੀਂ ਕਿਹਾ ਚਲੋ ਦਾਤੇ ਦੀ ਨਜ਼ਰ ਸਿਧੀ ਹੋਈ . ਪਰ ਆਹ ਹੁਣ ਫਿਰ ਚਾਰ-ਪੰਜ ਮਹੀਨਿਆਂ ਦਾ ..ਉਹੀ ਹਾਲ ਆ ..ਮੈਨੂੰ ਤਾਂ ਇਹਦਾ ਬਿਗਾਨੀ ਧੀ ਦਾ ਫਿਕਰ ਆ ਪੁੱਤ' ਸੱਸ ਨੇ ਮੱਥੇ ਤੋਂ ਪਸੀਨਾ ਪੂੰਝਿਆ।

"ਭੈਣ ਤੈਨੂੰ ਕੋਈ ਤਕਲੀਫ਼ ਹੁੰਦੀਐ ਇਹਨਾਂ ਤੀਲ੍ਹਿਆਂ ਦੀ ?" ਪਟਵਾਰੀ ਨੇ ਨਿਢਾਲ ਪਈ ਮੁਟਿਆਰ ਤੇ ਹੌਲੀ ਜਿਹੇ ਸੁਆਲ ਕੀਤਾ।

"ਹਾਂ ਤਕਲੀਫ ਤਾਂ ਹੁੰਦੀਆ...ਪਰ...?" ਕੁੜੀ ਨੇ ਗੱਲ ਵਿਚੇ ਛੱਡ ਮੂੰਹ ਦੂਜੇ ਪਾਸੇ ਕਰ ਲਿਆ ਤੇ ਰੋਣ ਲੱਗ ਪਈ...ਸਿਰ੍ਹਾਣੇ ਬੈਠੀ ਸੱਸ ਨੇ ਪਿਆਰ ਨਾਲ ਵਰਾਇਆ ਤੇ ਉਹ ਉਠ ਕੇ ਬਹਿ ਗਈ।

"ਭੈਣ ਤੂੰ ਰੋਣ ਕਿਉਂ ਲੱਗ ਗਈ ?" ਮੇਰਾ ਸੁਆਲ ਸੀ।

"ਮੈਨੇ ਡਰ ਲਗਦੈ।"

"ਕਿਸ ਚੀਜ਼ ਤੋਂ ਡਰ ਲਗਦੈ ?"

"..........ਐਥੇ ਭੂਤਾਂ ਨਚਦੀਆਂ ਰਹਿੰਦੀਆਂ ਨੇ...ਨਾਲੇ ਮੈਨੂੰ ਵੀ ਨੱਚਣ ਨੂੰ ਕਹਿੰਦੀਆਂ ਨੇ।" ਕੁੜੀ ਨੇ ਕਾਫ਼ੀ ਚਿਰ ਬਾਅਦ ਜਵਾਬ ਦਿੱਤਾ।

"ਦੇਖ ਭੈਣ ਨਾ ਤਾਂ ਕੋਈ ਭੂਤ ਹੁੰਦੀ ਐ .. ਨਾ ਕੋਈ ਜਿੰਨ ਹੁੰਦੇ ਇਹ ਤਾਂ ਸਾਡੇ ਮਨ ਦਾ ਡਰ ਹੁੰਦੈ।" ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ।



"ਇਹ ਤਾਂ ਮੈਨੂੰ ਪਤੈ ; ਮੈਂ ਥੋੜੀਆਂ ਦੋਵੇਂ ਕਿਤਾਬਾਂ ਪੜ੍ਹੀਆਂ ਨੇ।" ਕੁੜੀ ਨੇ ਪੂਰੀਆਂ ਅੱਖਾਂ ਖੋਹਲ ਲਈਆਂ ਤੇ ਠੀਕ ਹੋ ਕੇ ਬਹਿ ਗਈ।

"ਲੰਮਿਆਂ ਵਾਲੇ ਮਾਸਟਰ ਜੀ ਦੇ ਕੇ ਗਏ ਸੀ ਕਿਤਾਬਾਂ ਵੀਰ ਜੀ" ਨਾਲ ਬੈਠੀ ਨਣਦ ਨੇ ਜਵਾਬ ਦਿੱਤਾ।

"ਫਿਰ ਭੈਣ ਭੂਤਾਂ ਤਾਂ ਦਿਖਣੀਆਂ ਨੀ ਚਾਹੀਦੀਆਂ" ਨਰਿੰਦਰ ਪਟਵਾਰੀ ਨੇ ਕਿਤਾਬਾਂ ਦੀ ਪ੍ਰੋੜਤਾ ਕੀਤੀ।

ਕੁੜੀ ਝੇਪ ਜਿਹੀ ਗਈ ਤੇ ਫਿਰ ਮੰਜੇ ਤੇ ਖੇਸ ਲਪੇਟ ਕੇ ਪੈ ਗਈ।

## ਅਸਲ ਕਾਰਣ :

ਇਹ ਕੁੜੀ ਜੋ ਬਹੁਤ ਛੋਟੀ ਉਮਰ 'ਚ ਵਿਆਹੀ ਗਈ ਮਲੇਰਕੋਟਲੇ ਨੇੜੇ ਇਕ ਛੋਟੇ ਜਿਹੇ ਪਿੰਡ ਦੀ ਜੰਮ-ਪਲ ਹੈ। ਪੇਕਿਆਂ ਦੇ ਪਿੰਡ ਇਕ ਕੁੜੀ ਨਾਲ ਬਹੁਤ ਗੂਹੜਾ ਸਹੇਲਪੁਣਾ ਸੀ ਜੋ ਵਿਆਹ ਤੋਂ ਬਾਅਦ ਨਹਿਰ 'ਚ ਛਾਲ ਮਾਰ ਕੇ ਮਰ ਗਈ . ਇਸ ਘਟਨਾ ਦਾ ਇਸ ਕੁੜੀ ਦੇ ਮਨ ਤੇ ਬਹੁਤ ਗਹਿਰਾ ਅਸਰ ਪਿਆ। ਉਹਨ੍ਹਾਂ ਦਿਨਾਂ ਵਿਚ ਹੀ ਪੇਕੀਂ ਪਿੰਡ ਕਿਸੇ ਔਰਤ ਨੇ ਬੱਚੇ ਨੂੰ ਜਨਮ ਦਿਤਾ ਤੇ ਇਸ ਕੁੜੀ ਨੇ ਜਨਮ ਲੈ ਰਹੇ ਬੱਚੇ ਦੀ ਸਾਰੀ ਪ੍ਰਕ੍ਰਿਆ ਅੱਖੀਂ ਦੇਖੀ ਜੰਮਣ-ਪੀੜਾ 'ਚ ਕਰਾਹ ਰਹੀ ਔਰਤ ਤੇ ਦਰਦ ਦੀਆਂ ਕੂਕਾਂ ਨੂੰ ਉਸਨੇ ਆਪਣੇ ਕੋਮਲ ਮਨ ਤੇ ਬਹਾ ਲਿਆ... ਇਸੇ ਲਈ ਉਹ ਬੱਚਾ ਜੰਮਣ ਤੋਂ ਡਰਦੀ ਰਹੀ ਤੇ ਪੇਟ ਵਿਚ ਪਲਦੇ ਬੱਚੇ ਪ੍ਰਤੀ ਉਸ ਦੇ ਅੰਦਰੋਂ ਵਿਰੋਧ ਉਠਦਾ ਰਹਿੰਦਾ ...ਜਿਸ ਵਿਰੋਧ ਨੂੰ ਉਹ ਹੋਰ ਘਟਨਾਵਾਂ ਕਰਨ ਲਈ ਵਰਤਦੀ...ਪਹਿਲੇ ਚਹੁੰ ਮਹੀਨਿਆਂ ਦੇ ਗਰਭ ਨੂੰ ਪਾਤ ਕਰਨ ਲਈ ਕਿਸੇ ਹੱਦ ਤੱਕ ਉਸ ਦਾ ਆਪਣਾ ਹੱਥ ਸੀ... ਤੇ ਗਰਭ-ਪਾਤ ਹੋਣ ਬਾਅਦ ਘਟਨਾਵਾਂ ਦਾ ਇਕ ਦਮ ਬੰਦ ਹੋ ਜਾਣਾ...ਤੇ ਉਤਨਾ ਚਿਰ ਕਿਸੇ ਵੀ ਤਰਾਂ ਦੀ ਘਟਨਾ ਨਾ ਵਾਪਰਨਾ ਜਿੰਨਾ ਚਿਰ ਉਹ ਮੁੜ ਗਰਭਵਤੀ ਨਾ ਹੋਈ ਤੇ ਫਿਰ ਅੱਠ ਨੌ ਮਹੀਨਿਆਂ ਬਾਅਦ ਜਦੋਂ ਉਹ ਮੁੜ ਗਰਭਵਤੀ ਹੋਈ ਤਾ ਫਿਰ ਘਟਨਾਵਾਂ ਦਾ ਹੋਰ ਰੂਪ ਵਿੱਚ (ਅੱਖਾਂ 'ਚੋਂ ਤੀਲੇ, ਕੱਚ, ਸੂਈਆਂ ਆਦਿ ਨਿਕਲਣ ਦੇ ਰੂਪ ਵਿੱਚ) ਵਾਪਰਨਾ। ਇਸ ਸਭ ਕਝ ਤੋਂ ਇਹੋ ਨਤੀਜਾ ਨਿਕਲਦਾ ਸੀ ਕਿ ਉਹ ਕੁੜੀ ਆਪਣੇ ਅੰਦਰ ਪਲ ਰਹੇ ਬੱਚੇ ਪ੍ਰਤੀ ਬੇ ਹੱਦ ਗੰਭੀਰ ਅਤੇ ਦੁਖੀ ਸੀ, ਤੇ ਉਸਤੋਂ ਉਹ ਛੁਟਕਾਰਾ ਪਾਉਣਾ ਚਾਹੁੰਦੀ ਸੀ। ਪ੍ਰੰਤੂ ਸੱਸ ਅਤੇ ਪਤੀ ਦਾ ਮੋਹ-ਪਿਆਰ ਬੱਚਾ ਪੈਦਾ ਕਰਨ ਲਈ ਮਜਬੂਰ ਕਰਦਾ ਰਿਹਾ।

## ਅੱਖਾਂ ਵਿਚੋਂ ਤੀਲੇ ਆਦਿ ਨਿਕਲਣ ਦਾ ਰਾਜ਼

ਮਨਵੀਰ ਕੌਰ ਨੇ ਨਹੁੰ ਇੰਨੇ ਕੁ ਵਧਾਏ ਹੋਏ ਸਨ ਜਿਨ੍ਹਾਂ ਵਿੱਚ ਛੋਟੇ ਤੀਲੇ ਅਤੇ ਸੂਈਆਂ ਆਦਿ ਦੇ ਛੋਟੇ ਟੁਕੜੇ ਆਸਾਨੀ ਨਾਲ ਛੁਪਾਏ ਜਾ ਸਕਦੇ ਸਨ। ਸੁਸਾਇਟੀ ਮੈਂਬਰਾਂ ਸਾਹਮਣੇ ਉਸ ਵਲੋਂ ਕੇਵਲ ਝਾੜੂ ਦਾ ਇੱਕ ਬਰੀਕ ਤੀਲਾ ਹੀ ਕੱਢ ਕੇ ਦਿਖਾਇਆ ਗਿਆ। ਉਸ ਪ੍ਰਕਾਰ ਦਾ ਹੀ ਇੱਕ ਹੋਰ ਤੀਲਾ ਮਨਵੀਰ ਦੇ ਨੌਂਹ ਵਿੱਚ ਫਸਾਇਆ ਅਸੀਂ ਤਲਾਸ਼ੀ ਦੌਰਾਨ ਵੇਖ ਲਿਆ ਸੀ। ਇਸਤੋਂ ਸੰਭਵ ਹੈ ਕਿ ਰੋਗੀ ਮਨਵੀਰ ਨੌਂਹਾਂ ਵਿੱਚ ਛੁਪਾਏ ਟੁਕੜੇ ਘਰ ਦਿਆਂ ਨੂੰ ਅੱਖਾਂ ਨੇੜੇ ਕਰਕੇ ਦਿਖਾ ਦਿੰਦੀ ਹੋਵੇ।

## ਇਲਾਜ —

ਅਸੀਂ ਕੁੜੀ ਨੂੰ ਢੰਗ ਨਾਲ ਇਹ ਸਾਰੀ ਗੱਲ ਸਾਫ ਕਰ ਦਿੱਤੀ ਸੀ ਤੇ ਉਹ ਆਪ ਵੀ ਅਸਿੱਧੇ ਤੌਰ ਤੇ ਮੰਨ ਗਈ ਸੀ ਕਿ ਹੁਣ ਕਣ ਜਾਂ ਸੂਈਆਂ ਨਹੀਂ ਨਿਕਲਣਗੀਆਂ। ਫਿਰ ਜਦ ਮੈਂ, ਨਰਿੰਦਰ ਪਟਵਾਰੀ ਤੇ ਅਜਮੇਰ ਅਲਕੜਾ ਦੋਬਾਰਾ ਉਸ ਘਰ ਪਹੁੰਚੇ ਤਾਂ ਘਰ ਦਾ ਮਹੌਲ ਬਦਲ ਚੁੱਕਾ ਸੀ। ਸਦਾ ਮੰਜੇ ਤੇ ਪਈ ਰਹਿਣ ਵਾਲੀ ਵਹੁਟੀ ਨੇ ਖੁਸ਼ੀ ਖੁਸ਼ੀ ਸਾਨੂੰ ਰੋਟੀ ਬਣਾ ਕੇ ਖਵਾਈ। ਪਰ ਫਿਰ ਵੀ ਉਸਦੇ ਮਨ ਅੰਦਰ ਪਏ ਮਾੜੇ ਮੋਟੇ ਡਰ ਨੂੰ ਦੂਰ ਕਰਨ ਲਈ ਉਸਨੂੰ ਸੰਮੋਹਕ ਨੀਂਦ ਵਿੱਚ ਲਿਆ ਕੇ ਸਮਝਾਇਆ ਗਿਆ ਕਿ "ਭੈਣ ਤੇਰਾ ਬੱਚਾ ਠੀਕ ਠਾਕ ਹੈ ਅਤੇ ਤੈਨੂੰ ਬਿਲਕੁਲ ਕੋਈ ਤਕਲੀਫ ਨਹੀਂ ਹੋਵੇਗੀ।" ਪਰ ਬੁੱਢੀ ਸੱਸ ਦੇ ਦਿਮਾਗ ਵਿੱਚ ਅਜੇ ਵੀ ਸਿਆਣਿਆਂ ਪੀਰਾਂ ਦਾ ਸ਼ੋਰ ਪਿਆ ਸੀ ਤੇ ਕਹਿਣ ਲੱਗੀ, "ਮੈਨੂੰ ਆਥਣੇ ਵੇਲੇ ਆਹ ਕਿੱਕਰ ਤੇ ਸਿੱਟ ਖੜ੍ਹਦੀ ਦਿਸਦੀ ਏ।" ਸਾਡੇ ਬੋਲਣ ਤੋਂ ਪਹਿਲਾਂ ਹੀ ਉਹੀ ਨੂੰਹ ਜੋ ਕਣ ਕਢਦੀ ਸੀ ਕਹਿਣ ਲੱਗੀ "ਵੀਰ ਜੀ, ਮਾਂ ਜੀ ਨੂੰ ਸਿੱਟ ਮੈਂ ਹੀ ਦਿਖਣੋਂ ਹਟਾ ਦਿਆਂਗੀ। ਹੁਣ ਮੈਨੂੰ ਵੀ ਸਭ ਕੁਝ ਪਤਾ ਲੱਗ ਗਿਆ ਹੈ।"

● ਪਰਮਜੀਤ ਕੁਠਾਲਾ—ਮਲੇਰਕੋਟਲਾ

# ਕੱਟਾ, ਚੇਲਾ ਅਤੇ ਪੁਲਿਸ

ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦਾ ਇੱਕ ਜਿਮੀਂਦਾਰ, ਸਵੇਰੇ ਸਵੇਰੇ ਜਦੋਂ ਆਪਣੇ ਵਾੜੇ ਵਿੱਚ ਪਸ਼ੂ ਢਾਂਡੇ ਨੂੰ ਪੱਠੇ ਪਾਉਣ ਗਿਆ ਤਾਂ ਉਥੇ ਕਿੱਲੇ ਨਾਲ ਬੱਝੇ ਇੱਕ ਕੌਤਕੀ ਕੱਟੇ ਨੂੰ ਦੇਖ ਕੇ ਥਾਉਂ ਹਿੱਲ ਗਿਆ। ਕੱਟੇ ਦੇ ਗਲ ਫੁਲਾਂ ਦਾ ਹਾਰ, ਮੱਥੇ ਉਪਰ ਸੰਧੂਰ ਅਤੇ ਉਪਰ ਫੁਲਕਾਰੀ ਦਿੱਤੀ ਹੋਈ ਸੀ। ਕੱਟੇ ਨੂੰ ਵਾੜੇ ਵਿੱਚ ਛੱਡ ਕੇ ਉਸਨੇ ਪੰਚਾਇਤ ਦਾ ਕੱਠ ਮਾਰਿਆ ਅਤੇ ਪਲਾਂ ਵਿੱਚ ਹੀ ਲੋਕ ਉਥੇ ਇਕੱਠੇ ਹੋ ਗਏ। ਵਿਚੋਂ ਬਹੁਤ ਸਾਰੇ ਕਿਸੇ ਵਾਪਰਨ ਵਾਲੀ ਮਾੜੀ ਘਟਨਾ ਦੇ ਫਰਜ਼ੀ ਡਰ ਨਾਲ ਡੂਰ ਗਏ। ਪਿਛਲੇ ਵਰ੍ਹੇ ਫਸਲ ਨੂੰ ਗੜੇਮਾਰ ਹੋਈ ਸੀ ਤੇ ਇਸ ਵਾਰ ਵੀ ਕੁਝ ਮਾੜਾ ਭਾਣਾ ਵਰਤਾਣ ਲਈ ਇਹ ਕੱਟਾ ਆ ਬਹੁੜਿਆ ਸੀ।

ਖੈਰ ਇਕੱਠ ਵਿਚੋਂ ਇਕ ਸਿਆਣੇ ਬੰਦੇ ਨੇ ਸਲਾਹ ਦਿੱਤੀ ਕਿ ਕੱਟਾ ਖੋਹਲ ਦਿਓ, ਜਿਸਦਾ ਹੋਇਆ ਆਪੇ ਉਸੇ ਦੇ ਘਰ ਜਾਊ। ਏਸ ਤਰ੍ਹਾਂ ਹੀ ਕੱਟੇ ਨੂੰ ਬੰਨਣ ਵਾਲੇ ਬਾਰੇ ਕੋਈ ਥਹੁ ਪਤਾ ਲਗ ਸਕੇਗਾ। ਕੱਟਾ ਖੋਹਲ ਦਿੱਤਾ ਗਿਆ, ਪੰਚਾਇਤ ਅਤੇ ਵਹੀਰ ਕੱਟੇ ਦੇ ਮਗਰ ਮਗਰ ਹੋ ਤੁਰੀ। ਕੱਟਾ ਤੁਰਦਾ ਤੁਰਾਉਂਦਾ ਪਿੰਡ ਬੰਬੀਹਾ ਭਾਈ ਦੇ ਕਪੂਰ ਸਿੰਘ ਦੇ ਘਰ ਜਾ ਵੜਿਆ ਜਿਥੇ ਬਧਨੀ ਕਲਾਂ ਦਾ ਚੇਲਾ ਨਛੱਤਰ ਸਿੰਘ ਉਥੇ ਹੁਣੇ ਹੁਣੇ ਦੀਵਾਨ ਲਾ ਕੇ ਹਟਿਆ ਸੀ। ਗੁੱਸੇ ਨਾਲ ਭਰੀ ਪੰਚਾਇਤ ਨੇ ਉਥੇ ਵਾਵੇਲਾ ਖੜਾ ਕੀਤਾ ਅਤੇ ਇਕੱਠ ਬੱਝ ਗਿਆ, ਬੰਬੀਹੇ ਦੀ ਪੰਚਾਇਤ ਵੀ ਆ ਗਈ।

ਬੁਰਜਾਂ ਵਾਲੀ ਪੰਚਾਇਤ ਕਹਿੰਦੀ ਕਿ ਤੁਸੀਂ ਕੱਟਾ ਇਸ ਕਰਕੇ ਸਾਡੇ ਪਿੰਡ ਛੱਡਿਆ ਹੈ ਕਿ ਇਸ ਵਾਰ ਗੜੇ ਤੁਹਾਡੇ ਪਿੰਡ ਦੀ ਬਜਾਏ ਸਾਡੀ ਫਸਲ ਦਾ ਨੁਕਸਾਨ ਕਰਨ ਜਦ ਕਿ ਬੰਬੀਹੇ ਦੀ ਪੰਚਾਇਤ ਅਜਿਹੀ ਕਿਸੇ ਗੱਲ ਤੋਂ ਇਨਕਾਰ ਕਰਦੀ ਰਹੀ। ਕਾਫੀ ਤੂੰ-ਤੂੰ ਮੈਂ ਮੈਂ ਬਾਅਦ ਅਸਲ ਗੱਲ ਇਹ ਨਿਕਲੀ ਕਿ ਕਪੂਰ ਸਿੰਘ ਦੀ ਸ਼ਾਦੀ-ਸ਼ੁਦਾ ਲੜਕੀ ਅਖੌਤੀ ਭੂਤਾਂ ਤੋਂ ਪੀੜਤ ਸੀ ਤੇ ਨਛੱਤਰ ਸਿੰਘ ਚੇਲੇ ਨੇ ਉਸਨੂੰ ਠੀਕ ਕਰਨ ਲਈ 1200/ ਰੁਪੈ ਲੈਣੇ ਕੀਤੇ ਸਨ। ਜਿਸ ਵਿਚੋਂ 700/- ਉਸਨੇ ਨਕਦ ਲਿਆ ਅਤੇ 500/- ਬਾਅਦ ਵਿੱਚ ਲੈਣਾ ਸੀ। ਉਸਨੇ ਕੁੜੀ ਤੋਂ 'ਔਲੀ ਟਾਲਣ' ਲਈ ਇੱਕ ਮੰਤਰਿਆ ਕੱਟਾ ਨਾਲ ਦੇ ਪਿੰਡ ਦੀ ਜੂਹ ਵਿਚੋਂ ਛੱਡਣ ਲਈ ਆਖਿਆ। ਪਰ ਘਰ ਵਾਲੇ ਕੱਟਾ ਜੂਹ ਵਿੱਚ ਛੱਡਣ ਦੀ ਬਜਾਏ ਖੁਲ੍ਹੇ ਵਾੜੇ ਵਿੱਚ ਬੰਨ ਆਏ। ਇਹ ਗੱਲ ਸਾਹਮਣੇ ਆਉਣ ਤੇ ਚੇਲੇ ਨਛੱਤਰ ਸਿੰਘ ਨੂੰ ਫੜ ਕੇ ਦੋਨ੍ਹਾਂ ਪਿੰਡਾਂ ਦੀ ਪੰਚਾਇਤ ਨੇ ਮਾਂਜਾ ਫੇਰਿਆ ਅਤੇ ਫੇਰ ਉਸਨੂੰ ਹੋਰ ਸਬਕ ਸਿਖਾਉਣ ਲਈ ਪੁਲਿਸ ਥਾਨਾ ਸਦਰ ਕੋਟਕਪੂਰਾ ਦੇ ਹਵਾਲੇ ਕਰ ਦਿੱਤਾ।

## *ਫਿਰ ਪੁਲੀਸ ਨੇ ਆਪਣੀ ਤਾਂਤਰਿਕ ਕਲਾ ਦਿਖਾਈ :*

'ਭੂਤਾਂ' ਨੂੰ ਫੜਨ ਵਾਲੇ ਚੇਲੇ ਅਤੇ 'ਦੋਸ਼ੀਆਂ' ਨੂੰ ਫੜਨ ਵਾਲੀ ਪੁਲੀਸ ਵਿਚਾਲੇ ਜੋ ਕੁਝ ਵਾਪਰਿਆ ਉਹ ਵੀ ਕਿਸੇ ਕੌਤਕ ਤੋਂ ਘੱਟ ਨਹੀਂ ਸੀ। ਜਿਸ ਢੰਗ ਨਾਲ ਸਾਡੀ ਪੁਲੀਸ ਦੋਸ਼ੀਆਂ ਪਾਸੋਂ ਅਫੀਮ, ਸ਼ਰਾਬ ਤੇ ਨਜਾਇਜ਼ ਹਥਿਆਰ ਪੈਦਾ ਕਰਦੀ ਹੈ ਉਸ ਕਲਾ ਨਾਲ ਤਾਂ ਵੱਡੇ ਵੱਡੇ ਜਾਦੂਗਰ ਵੀ ਪੈਦਾ ਨਹੀਂ ਕਰ ਸਕਦੇ। ਇਹੀ ਕੁਝ ਨਛੱਤਰ ਸਿੰਘ ਚੇਲੇ ਨਾਲ ਵਾਪਰਿਆ। ਜਿਵੇਂ ਉਹ ਮਾਨਸਿਕ ਰੋਗੀਆਂ ਜਾਂ ਅੰਧ-ਵਿਸ਼ਵਾਸ਼ੀ ਲੋਕਾਂ ਦੇ ਭੂਤ ਕਢਦਾ ਸੀ ਉਵੇਂ ਹੀ ਪੁਲੀਸ ਨੇ ਉਸਦੇ ਝੋਲੇ ਵਿਚੋਂ ਅਫੀਮ ਕਢ ਲਈ। ਪੁਲੀਸ ਵਲੋਂ ਸ. ਬਲਦੇਵ ਸਿੰਘ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਫਰੀਦਕੋਟ ਦੀ ਅਦਾਲਤ ਵਿੱਚ ਬਿਆਨ ਦਿੱਤਾ ਗਿਆ ਕਿ ਮਿਤੀ 28-9-84 ਨੂੰ ਗਸ਼ਤ ਕਰਦੇ ਹੋਏ ਜਦ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਪੁੱਜੇ ਤਾਂ ਅੱਡੇ ਦੇ ਨਜ਼ਦੀਕ ਦੋਸ਼ੀ (ਨਛੱਤਰ ਸਿੰਘ ਚੇਲਾ) ਹਾਜ਼ਰ ਅਦਾਲਤ ਖੜਾ ਸੀ; ਜਿਸਦੇ ਖੱਬੇ ਹੱਥ ਵਿੱਚ ਝੋਲਾ ਫੜਿਆ ਹੋਇਆ ਸੀ। ਜਦ ਦੋਸ਼ੀ ਨੇ ਸਾਨੂੰ ਦੇਖਿਆ ਤਾਂ ਅੱਡੇ ਓਹਲੇ ਹੋ ਗਿਆ। ਸ਼ਕ ਦੀ ਬਿਨਾ ਤੇ ਕਾਬੂ ਕੀਤਾ, ਉਸਦਾ ਨਾਮ ਪਤਾ ਪੁਛਿਆ ਅਤੇ ਰਸਬ ਜਾਬਤਾ ਤਲਾਸ਼ੀ ਲਈ. ਦੋਸ਼ੀ ਦੇ ਹੱਥ ਵਿੱਚ ਫੜੇ ਝੋਲੇ ਵਿਚੋਂ ਮੋਮੀ ਕਾਗਜ ਵਿੱਚ ਲਪੇਟੀ ਅਫੀਮ ਬਰਾਮਦ ਹੋਈ ਜੋ ਤੋਲਣ ਤੇ ਸਵਾ ਕਿਲੋ ਹੋਈ ......।"

ਚੇਲੇ ਵਲੋਂ ਕੇਸ ਦੌਰਾਨ ਸਫਾਈ ਧਿਰ ਦੇ ਵਕੀਲ ਜੇ. ਐੱਸ. ਬਰਾੜ ਅਤੇ ਦਰਸ਼ਨ ਗਰੇਵਾਲ ਨੇ ਦੱਸਿਆ ਕਿ ਚੇਲਾ ਪੇਸ਼ੀਆਂ ਭੁਗਤਣ ਦੌਰਾਨ ਬਹੁਤ ਡਰਿਆ ਹੋਇਆ ਸੀ ਅਤੇ ਉਸਦੀ ਗੈਬੀ ਸ਼ਕਤੀਆਂ ਦੀ ਤਾਕਤ ਕਿਤੇ ਵੀ ਦਿਸਦੀ ਨਹੀਂ ਸੀ। ਆਖਿਰ ਜਦੋਂ ਚੇਲੇ ਨੇ ਅੱਗੋਂ ਤੋਂ ਕੱਟੇ ਵਰਗੀ ਕਰਤੂਤ ਨਾ ਕਰਨ ਦਾ ਵਾਹਦਾ ਕੀਤਾ ਤਾਂ ਗੁਰਮੇਲ ਸਿੰਘ ਸਰਪੰਚ ਬੰਬੀਹਾ ਭਾਈ ਨੂੰ ਬਤੌਰ ਸਫਾਈ ਦੇ ਗਵਾਹ ਦੇ ਭੁਗਤਾਇਆ ਗਿਆ ਅਤੇ ਅਸਲੀ ਗੱਲ ਨਿਕਲਣ ਤੇ ਅਦਾਲਤ ਨੇ ਉਸਨੂੰ ਬਰੀ ਕਰ ਦਿੱਤਾ।

ਅਵਤਾਰ ਗੋਂਦਾਰਾ ਐਡਵੋਕੇਟ

---

( ਸਫਾ 3 ਦੀ ਬਾਕੀ )

ਦੀ ਭੈੜੀ ਹਾਲਤ ਦੇ ਜਿੰਮੇਵਾਰ ਅਤੇ ਅਸਲ ਦੁਸ਼ਮਣ ਹੁੰਦੇ ਹਨ ਉਹਨਾਂ ਦੇ ਰਹਿਬਰਾਂ ਵਜੋਂ ਸਥਾਪਿਤ ਹੁੰਦੇ ਹਨ।

ਸੋ ਅੱਜ ਦੇਸ਼ ਜਿਸ ਫਿਰਕੂ ਦੰਗਿਆ ਤੇ ਭਰਾਮਾਰ ਲੜਾਈ ਵਿੱਚ ਉਲਝ ਰਿਹਾ ਹੈ ਇਸਦੇ ਹੱਲ ਲਈ ਕੇਵਲ ਮਨੁੱਖਤਾਵਾਦੀ ਪੈਂਤੜੇ ਤੋਂ ਨਸੀਹਤਾਂ ਜਾਂ ਪ੍ਰਚਾਰ ਨਾਲ ਹੀ ਨਹੀਂ ਸਰਨਾ ਸਗੋਂ ਸਾਨੂੰ ਲੋਕਾਂ ਦੀਆਂ ਬੁਨਿਆਦੀ ਮੁਸ਼ਕਲਾਂ ਦੇ ਹੱਲ ਲਈ ਇੱਕ ਅਜਿਹੀ ਇਕ ਜੁੱਟ ਸ਼ਕਤੀਸ਼ਾਲੀ ਲੋਕ ਲਹਿਰ ਉਸਾਰਨ ਦੀ ਲੋੜ ਹੈ ਜੋ ਇਸ ਲੋਕ ਬੇਚੈਨੀ ਨੂੰ ਭਰਾਮਾਰ ਲੜਾਈ ਵਲੋਂ ਰੋਕ ਕੇ ਅਸਲੀ ਦੁਸ਼ਮਣਾਂ ਦੇ ਖਿਲਾਫ ਸੇਧਿਤ ਕਰ ਸਕੇ।

ਧਾਰਮਿਕ ਮੂਲਵਾਦੀਏ ਅਜ ਦੀਆਂ ਸਮਸਿਆਵਾਂ ਦਾ ਹੱਲ ਅੱਜ ਤੋਂ ਸੈਂਕੜੇ ਸਾਲ ਪਿਛਾਂਹ ਪਰਤ ਜਾਣ ਵਿਚ ਦੱਸਦੇ ਹਨ। ਪਰ ਅਸੀਂ ਸਮਾਜ ਨੂੰ ਦੱਸਣਾ ਹੈ ਕਿ ਇਨ੍ਹਾਂ ਸੱਮਸਿਆਵਾਂ ਨੂੰ ਹੱਲ ਕਰਕੇ ਅਸੀਂ ਵਿਕਾਸ ਦੇ ਅਗਲੇ ਪੜਾਅ ਵਿਚ ਦਾਖਲ ਹੋਣਾ ਹੈ ਨਾ ਕਿ ਪਿਛਾਂਹ ਨੂੰ ਮੁੜਨਾ ਹੈ। ਇਤਿਹਾਸ ਦਾ ਪਹੀਆ ਪਿਛਾਂਹ ਵੱਲ ਨਹੀਂ ਮੁੜਦਾ ਹੈ। ਇਸ ਲਈ ਆਖਿਰ ਜਿੱਤ ਸਾਡੀ ਹੀ ਹੋਣੀ ਹੈ। ਸੋ ਅਜੋਕੀ ਹਾਲਤ 'ਤੇ ਅਥਰੂ ਕੇਰਨ ਦੀ ਬਜਾਏ, (ਸਭਨਾਂ ਧਰਮਾਂ ਫਿਰਕਿਆਂ ਦੇ ਮਿਹਨਤਕਸ਼ ਲੋਕਾਂ ਦੀ ਇਕ ਸਾਂਝੀ, ਸ਼ਕਤੀਸ਼ਾਲੀ, ਅਸਲੀ ਲੋਕ ਲਹਿਰ ਉਸਾਰਨ ਦੀ ਲੋੜ ਹੈ ਜੋ ਇਸ ਫਿਰਕਾਪ੍ਰਸਤੀ ਅਤੇ ਹੋਰ ਅਜੇਹੀਆਂ ਭੈੜੀਆਂ ਅਲਾਮਤਾਂ ਨੂੰ ਪੈਦਾ ਕਰਨ ਵਾਲੇ ਢਾਂਚੇ ਨੂੰ ਫਨਾਹ ਕਰ ਸਕੇ।

# ਮੈਂ ਤੇ ਰੱਬ

ਸਾਧੂ

ਜੀਵਨ ਦੇ ਅਮੁੱਕ ਸਫਰ ਦੌਰਾਨ
ਮੈਂ ਦੋ ਪੈਰ ਹੱਥ ਬਣਾਏ
ਹੱਥਾਂ ਵਿੱਚ ਮੈਂ ਡੰਡਾ ਫੜਿਆ
ਅੱਗੇ ਪੱਥਰ ਲਾਇਆ
ਐਸੀ ਮੇਰੇ 'ਚ ਸ਼ਕਤੀ ਆਈ
ਵੱਡੇ ਵੱਡੇ ਜਨੌਰਾਂ ਨੂੰ
ਅੱਗੇ ਲਾ ਦੌੜਾਇਆ
ਸ਼ਕਤੀ ਮੇਰੀ ਪਰ ਬੜੀ ਹੀ ਸੀਮਤ
ਹਰ ਪਾਸੇ ਖਤਰੇ
ਕੜਕਦੀਆਂ ਧੁੱਪਾਂ, ਗੜਕਦੇ ਬੱਦਲ
ਬਿਜਲੀਆਂ, ਤੁਫਾਨ, ਭੁਚਾਲ
ਜੀਵਨ ਮੌਤ
ਕੁਝ ਵੀ ਸਮਝ ਨਾ ਆਵੇ
ਇਸ ਸਮਝਣ ਦੇ ਚੱਕਰ ਵਿਚਾਲੇ
ਖਿਆਲਾਂ ਵਿਚ ਕਹਿ ਬੈਠਾ
"ਖਬਰੇ ਤੂੰ ਹੈਂ—
ਤੂੰ ਉਤੇ ਬੈਠਾ ਕਰਦਾ
ਮੈਂ ਥੱਲੇ ਬੈਠਾ ਵੇਖਾਂ"
ਮੇਰੇ ਹੱਥਾਂ 'ਚ ਜੰਮਿਆ ਪਲਿਆ
"ਤੂੰ ਐਸਾ ਮੇਰੇ ਤੇ ਛਾਇਆ
ਸਦੀਆਂ ਮੈਂ ਖੁਦ ਨੂੰ
ਕਿਧਰੇ ਵੀ ਨਜ਼ਰ ਨਾ ਆਇਆ
ਮੈਂ ਮਾਲਕ ਸੀ
ਤੂੰ ਸ਼ਕਤੀ ਖੋਹੀ ਮੇਰੀ
ਆਪਣੇ ਬੇਸਿਰ ਰਾਜ ਟਿਕਾਇਆ
ਤੇਰੇ ਅੱਗੇ ਝੁਕਣੇ ਬਿਨਾ
ਕੋਈ ਕੰਮ ਨਾ ਮੇਰੇ ਸਿਰ ਦਾ
ਤੂੰ ਉਚੇ ਬੁਰਜੋਂ ਹੁਕਮ ਸੁਣਾਇਆ
ਤੂੰ ਵੀ ਜਾਣੇ
ਮੈਂ ਵੀ ਜਾਣਾਂ
ਤੂੰ ਸਿਰਫ ਮੇਰੇ ਖਿਆਲਾਂ 'ਚ ਵਸਦਾ
ਤੇਰੀ ਅਸਲੀ ਹੋਂਦ ਨਾ ਹੋਰ
ਆਪਣੇ ਵਿਚੋਂ ਕੱਢਿਆ ਸੀ ਤੈਨੂੰ
ਆਪਣੇ ਵਿਚ ਹੀ ਲੈਣਾ ਖੋਰ

# ਬਲਾਤਕਾਰ 'ਸਿਆਣੇ' ਦੀ ਕਹਾਣੀ

ਮੁਸ਼ਕਲਾਂ ਵਿੱਚ ਫਸੇ ਅਤੇ ਅੰਧ-ਵਿਸ਼ਵਾਸ਼ਾਂ ਦੇ ਸ਼ਿਕਾਰ ਛਾਈ ਲੱਗ ਲੋਕਾਂ ਤੋਂ ਅਖੌਤੀ ਸਿਆਣਿਆਂ ਵਲੋਂ ਵੱਧ ਤੋਂ ਵੱਧ ਪੈਸਾ ਧੇਲਾ ਲਾਹ ਲੈਣ ਦੀਆਂ ਉਦਾਹਰਣਾਂ ਤਾਂ ਅਕਸਰ ਸਾਹਮਣੇ ਆਉਂਦੀਆਂ ਹੀ ਰਹਿੰਦੀਆਂ ਹਨ ਪਰ ਇਹਨਾਂ ਲੋਕਾਂ ਦਾ ਆਰਥਿਕ ਅਤੇ ਮਾਨਸਿਕ ਸੋਸ਼ਣ ਕਰਨ ਤੋਂ ਇਲਾਵਾ ਇਹ 'ਸਿਆਣੇ' ਅਕਸਰ ਅਜਿਹੀਆਂ ਘਿਣਾਉਣੀਆਂ ਕਾਰਵਾਈਆਂ ਵੀ ਕਰਦੇ ਹਨ ਜੋ ਲੋਕਾਂ ਸਾਹਮਣੇ ਕਦੇ ਕਦਾਈਂ ਹੀ ਆਉਂਦੀਆਂ ਹਨ, ਨਹੀਂ ਤਾਂ ਉਹ ਲੋਕਾਂ ਦੇ ਦੁਖ ਦਰਦ ਦੂਰ ਕਰਨ ਵਾਲੇ ਭਲੇ ਪੁਰਸ਼ ਹੀ ਬਣੇ ਰਹਿੰਦੇ ਹਨ।

ਅਜਿਹੀ ਹੀ ਇੱਕ ਕਾਰਵਾਈ ਦੀ ਗੱਲ ਫਰੀਦਕੋਟ ਸ਼ਹਿਰ ਵਿੱਚ ਅੱਗ ਵਾਂਗ ਫੈਲ ਗਈ ਕਿ ਇੱਕ ਬਾਬਾ ਮਹੱਲੇ ਦੇ ਹੀ ਇੱਕ ਨੌਜਵਾਨ ਨਾਲ ਬਲਾਤਕਾਰ ਦੇ ਸੰਗੀਨ ਜੁਰਮ 'ਚ ਫੜਿਆ ਗਿਆ ਹੈ। ਮਹੱਲੇ ਦੇ ਪਤਵੰਤਿਆਂ ਤੇ ਆਮ ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਨੌਜਵਾਨ ਬਾਬੇ ਦਾ ਚੇਲਾ ਸੀ ਅਤੇ ਉਹ ਕਰਾਮਾਤਾਂ ਦਾ 'ਗਿਆਨ' ਲੈਣਾ ਚਾਹੁੰਦਾ ਸੀ। ਇੱਕ ਦਿਨ ਬਾਬਾ ਉਸਨੂੰ ਰਾਤ ਨੂੰ ਇਹ ਕਹਿ ਕੇ ਬਾਹਰ ਲੈ ਗਿਆ ਕਿ ਉਹ ਉਸਨੂੰ ਕੁਝ ਸਿਖਾਵੇਗਾ। ਪਰ ਉਥੇ ਜਾ ਕੇ ਇਸ ਬਾਬੇ ਨੇ ਮੁੰਡੇ ਨੂੰ ਦਵਾਈ ਸੁੰਘਾ ਕੇ ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਮੁੰਡੇ ਨੂੰ ਘਟਨਾ ਤੋਂ ਪਹਿਲਾਂ ਹੀ ਹੋਸ਼ ਆ ਗਈ ਅਤੇ ਉਹ ਆਪਣੇ ਘਰ ਭੱਜ ਗਿਆ ਅਤੇ ਸਾਰੀ ਕਹਾਣੀ ਆਪਣੇ ਪਿਤਾ ਨੂੰ ਦੱਸੀ। ਇਸ ਤਰਾਂ ਕੇਸ ਕੋਤਵਾਲੀ ਪਹੁੰਚ ਗਿਆ ਅਤੇ ਆਖਿਰ ਰਾਜੀ ਨਾਮੇ ਵਿੱਚ ਇਹ ਕੇਸ ਨਿਬੜ ਗਿਆ ਜਦੋਂ ਸੁਸਾਇਟੀ ਦੀ ਟੀਮ ਇਸ ਬਾਬੇ ਕੋਲੋਂ ਅਸਲੀਅਤ ਜਾਨਣ ਲਈ ਗਈ ਤਾਂ ਉਸਨੇ ਆਪਣੇ ਵਲੋਂ ਦਿੱਤੇ ਗਏ ਟਾਈਮ ਤੇ ਸੁਸਾਇਟੀ ਮੈਂਬਰਾਂ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ ਅਤੇ ਉਸਦੇ ਚੇਲੇ ਸੁਸਾਇਟੀ ਦੀ ਟੀਮ ਨਾਲ ਲੜਨ ਦਾ ਮੂਡ ਬਣਾ ਰਹੇ ਸਨ। ਖੈਰ ਸੁਸਾਇਟੀ ਮੈਂਬਰਾਂ ਨੇ ਉਥੇ ਮੌਜੂਦ ਲੋਕਾਂ ਨੂੰ ਸੁਸਾਇਟੀ ਦੀ ਸਮਝ ਬਾਰੇ ਜਾਣੂ ਕਰਵਾਇਆ ਅਤੇ ਵਾਪਸ ਆ ਗਏ।

ਇਸ ਤੋਂ ਬਾਅਦ ਸੁਸਾਇਟੀ ਕੋਲ ਇਸ ਬਾਬੇ ਦੇ ਬਾਰੇ ਹੋਰ ਵੀ ਜਾਣਕਾਰੀ ਮਿਲਦੀ ਰਹੀ ਜਿਵੇਂ ਕਿ ਕਿਸੇ ਤੋਂ ਉਸਨੇ ਆਪਣੇ ਘਰ ਦੇ ਕਮਰੇ ਪਾਉਣ ਲਈ ਸਮਾਨ ਮੰਗਵਾ ਲਿਆ ਪਰ ਜਦ ਉਹਨਾਂ ਦੇ ਮਰੀਜ਼ ਠੀਕ ਨਾ ਹੋਏ ਤਾਂ ਉਹ ਸਾਰਾ ਸਮਾਨ ਚੁੱਕ ਕੇ ਵਾਪਸ ਲੈ ਗਏ।

ਸੁਸਾਇਟੀ ਵਲੋਂ ਅੰਧ-ਵਿਸਵਾਸ਼ਾਂ ਵਿਰੁੱਧ ਮੁਹਿੰਮ ਦੀ ਚਰਚਾ ਸੁਣ ਕੇ ਨਜ਼ਦੀਕੀ ਇਲਾਕੇ ਵਿਚੋਂ ਇੱਕ ਪਰਿਵਾਰ ਨੇ ਸੋਸਾਇਟੀ ਕੋਲ ਆਪਣੀ ਵਿਥਿਆ ਸੁਣਾਈ ਕਿ ਇਹ ਬਾਬਾ ਕਾਫੀ ਅਰਸਾ ਬੀਤਣ ਦੇ ਬਾਵਜੂਦ ਸਾਡੀ ਲੜਕੀ, ਜੋ ਜਮਾਂਦਰੂ ਗੂੰਗੀ ਸੀ, ਨੂੰ ਠੀਕ ਨਹੀਂ ਕਰ ਸਕਿਆ ਅਤੇ ਹੁਣ ਹੋਰ ਪੈਸੇ ਲੈਣ ਦੇ ਬਹਾਨੇ ਲਾਉਂਦਾ ਹੈ। ਉਹਨਾਂ ਦਸਿਆ ਕਿ 500/- ਨਕਦ ਤਾਂ ਉਸਨੇ ਅਖੰਡ ਪਾਠ ਕਰਾਉਣ ਦੇ ਕਹਿ ਕੇ ਲੈ ਲਏ, 600/- ਰੁਪੈ ਇੱਕ ਚਾਂਦੀ ਦੀ ਜੀਭ ਅਤੇ ਗਾਂ ਚੜ੍ਹਾਉਣ ਦੇ ਰੂਪ ਵਿੱਚ ਅਤੇ 100 ਰੁਪੈ ਮਾਤਾ ਨੂੰ ਸੂਟ ਚੜ੍ਹਾਉਣ ਦੇ ਕਹਿ ਕੇ ਲੈ ਗਿਆ। ਇਹ ਸਭ ਕੁਝ ਲੈਣ ਦੇ ਬਾਵਜੂਦ ਵੀ ਜਦ ਉਹ ਕੁੜੀ ਨੂੰ ਠੀਕ ਨਹੀਂ ਕਰ ਸਕਿਆ ਤਾਂ ਉਸ ਤੋਂ ਸਾਡੇ ਪੈਸੇ ਵਾਪਸ ਦਵਾਏ ਜਾਣ।

ਇਸ ਮਸਲੇ ਨੂੰ ਲੈ ਕੇ ਸੁਸਾਇਟੀ ਮੈਂਬਰ ਜਦ ਇਸ ਬਾਬੇ ਕੋਲ ਗਏ ਤਾਂ ਉਸਨੂੰ ਇਹ ਸਭ ਕੁਝ ਲਿਖਤੀ ਤੌਰ ਤੇ ਮੰਨਣਾ ਪਿਆ ਕਿ ਉਸਨੇ ਇਹ ਸਾਰਾ ਕੁਝ ਲਿਆ ਸੀ ਅਤੇ ਹੁਣ ਵਾਪਸ ਕਰ ਦੇਵੇਗਾ ਅਤੇ ਮਿਥੇ ਦਿਨ ਤੇ ਉਸਨੇ ਸਭ ਕੁਝ ਵਾਪਸ ਕਰ ਦਿੱਤਾ। ਇਸ ਅਖੌਤੀ ਸਿਆਣੇ ਨੂੰ ਸੁਸਾਇਟੀ ਦੀ ਇਸ ਗੱਲ ਅਗੇ ਝੁਕਣਾ ਪਿਆ ਕਿ ਉਹ ਆਪਣਾ ਇਹ ਸਾਰਾ ਧੰਦਾ ਬੰਦ ਕਰ ਦੇਵੇਗਾ ਅਤੇ ਆਖਿਰ ਸੁਸਾਇਟੀ ਦੀਆਂ ਕੋਸ਼ਿਸ਼ਾਂ ਸਦਕਾ ਉਸਨੇ ਆਪਣਾ ਇਹ ਦਫਤਰ ਬੰਦ ਕਰ ਦਿੱਤਾ ਹੈ।

ਇਸ ਤਰਾਂ ਦੇ ਸ਼ੈਤਾਨ ਸਾਡੇ ਦੇਸ਼ ਦੇ ਕੋਨੇ ਕੋਨੇ 'ਚ ਫੈਲੇ ਹੋਏ ਹਨ ਅਤੇ ਇਹਨਾਂ ਦੀਆਂ ਕਰਤੂਤਾਂ ਲੋਕਾਂ ਵਿੱਚ ਬਹੁਤ ਘੱਟ ਵਾਰ ਨੰਗੀਆਂ ਹੁੰਦੀਆਂ ਹਨ। ਇਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਨ। ਸੋ ਲੋੜ ਹੈ ਕਿ ਛਾਈ ਲੱਗ ਪੂਣਾ ਤਿਆਗ ਕੇ, ਅਜਿਹੇ ਲੋਕਾਂ ਦੀ ਪੜਤਾਲ ਕਰਕੇ ਉਹਨਾਂ ਨੂੰ ਸਿੱਧੇ ਰਸਤੇ ਤੇ ਲਿਆਂਦਾ ਜਾਵੇ।

ਪਰੀਤਮ ਭਾਣਾ
ਪ੍ਰਧਾਨ ਇਕਾਈ ਫਰੀਦਕੋਟ



# ਅੱਗ ਲਾਉਣ ਵਾਲਾ 'ਭੂਤ' ਰੰਗੇ ਹੱਥੀਂ ਕਾਬੂ

10 ਅਪ੍ਰੈਲ 87 ਦੀ ਸ਼ਾਮ ਨੂੰ ਮੈਂ ਇੱਕ ਘਰ ਕਿਸੇ ਮਰੀਜ਼ ਨੂੰ ਗੁਲੂਕੋਜ਼ ਦੀ ਬੋਤਲ ਲਾਉਣ ਹੀ ਲੱਗਾ ਸਾਂ ਕਿ ਇੱਕ ਵਿਅਕਤੀ ਮੇਰੇ ਕੋਲ ਸਕੂਟਰ ਤੇ ਆਇਆ। ਉਸਨੇ ਦੱਸਿਆ ਕਿ ਮੁਕਤਸਰ ਦੇ ਨੇੜੇ ਇੱਕ ਪਿੰਡ ਵਿੱਚ ਅੱਗ ਲੱਗਣ ਦੀ ਘਟਨਾ ਲਗਾਤਾਰ ਵਾਪਰ ਰਹੀ ਹੈ। ਅਸੀਂ ਜਲਦੀ ਜਲਦੀ ਉਹ ਬੋਤਲ ਲਾਈ ਅਤੇ ਸਕੂਟਰ ਤੇ ਉਸ ਪਿੰਡ ਵਲ ਚੱਲ ਪਏ। ਰਸਤੇ ਵਿਚੋਂ ਹੀ ਅਸੀਂ ਗਿਦੜਬਾਹਾ ਸੁਸਾਇਟੀ ਦੇ ਖਜਾਨਚੀ ਹਰਪਿੰਦਰ ਸਿੰਘ ਨੂੰ ਵੀ ਨਾਲ ਲੈ ਲਿਆ ਅਤੇ ਅਸੀਂ ਤਿੰਨੇ ਜਣੇ ਉਸ ਘਟਨਾਵਾਂ ਵਾਲੇ ਘਰੇ ਪੁੱਜ ਗਏ।

**ਘਰ ਦਾ ਵਾਤਾਵਰਣ :** ਜਿਹਨਾਂ ਘਰਾਂ ਵਿੱਚ ਘਟਨਾਵਾਂ ਵਾਪਰਦੀਆਂ ਸਨ ਉਹ ਚਾਰ ਭਰਾਵਾਂ ਦੇ ਘਰ ਸੀ ਜੋ ਕਿ ਪਿੰਡ ਤੋਂ ਬਾਹਰਵਾਰ ਸਨ। ਚਾਰੇ ਭਰਾ ਅੱਡ-ਅੱਡ ਰਹਿੰਦੇ ਸਨ ਪ੍ਰੰਤੂ ਘਰ ਇੱਕ ਲਾਈਨ ਵਿੱਚ ਸਨ ਜਿਨ੍ਹਾਂ ਵਿੱਚ ਕੰਧਾਂ ਦੀ ਸਾਂਝ ਸੀ। ਕੁਲ ਮਿਲਾ ਕੇ ਚਾਰੇ ਘਰਾਂ ਦੇ 23-24 ਮੈਂਬਰ ਸਨ।

**ਘਟਨਾਵਾਂ :** ਚਾਰੇ ਘਰਾਂ ਦੇ ਮੈਂਬਰਾਂ ਤੋਂ ਪੁੱਛ ਪੜਤਾਲ ਕਰਨ ਉਪਰੰਤ ਹੇਠ ਲਿਖਿਆ ਵੇਰਵਾ ਮਿਲਿਆ। ਸਭ ਤੋਂ ਪਹਿਲਾਂ ਮੇਜਰ ਸਿੰਘ ਦੇ ਘਰ ਪਈ ਤੂੜੀ ਨੂੰ ਅੱਗ ਲੱਗੀ ਜਿਸ ਦਾ ਇੱਕ 13 ਸਾਲਾਂ ਦੀ ਕੁੜੀ ਮਨਜੀਤ ਕੌਰ ਨੂੰ ਪਤਾ ਲੱਗਿਆ ਅਤੇ ਅੱਗ ਬੁਝਾ ਦਿੱਤੀ ਗਈ। ਉਸ ਤੋਂ ਬਾਅਦ ਚਾਰੇ ਭਰਾਵਾਂ ਦੀਆਂ ਬਾਹਰ ਪਈਆਂ ਸਾਂਝੀਆਂ ਛਟੀਆਂ ਨੂੰ ਅੱਗ ਲੱਗਣ ਲੱਗੀ ਜੋ ਕਿ ਦਿਨ ਵਿੱਚ 8-9 ਵਾਰ ਵੀ ਲੱਗ ਜਾਂਦੀ ਜੋ ਕਿ ਘਰ ਵਾਲਿਆਂ ਦੁਆਰਾ ਬੁਝਾ ਦਿੱਤੀ ਜਾਂਦੀ। ਅੱਗ ਲੱਗਣ ਬਾਰੇ ਘਰਾਂ ਦੇ ਸਾਰੇ ਮੈਂਬਰ ਖਿਆਲ ਰਖਦੇ ਤਾਂ ਜੋ ਜਿਆਦਾ ਨੁਕਸਾਨ ਨਾ ਹੋ ਸਕੇ। ਇਸ ਤਰਾਂ 7-8 ਦਿਨ ਇਹ ਘਟਨਾਵਾਂ ਵਾਪਰਦੀਆਂ ਰਹੀਆਂ। ਘਰ ਦਿਆਂ ਨੇ ਅਜੇ ਚੇਲਿਆਂ ਤੋਂ ਕੋਈ ਢਿੱਲ ਨਹੀਂ ਸੀ ਲੁਹਾਈ।

## ਸੁਸਾਇਟੀ ਦੁਆਰਾ ਖੋਜ ਪੜਤਾਲ :

ਸੁਸਾਇਟੀ ਦੁਆਰਾ ਘਰ ਦੇ ਵੱਖ ਵੱਖ ਮੈਂਬਰਾਂ ਦੀ ਇੰਟਰਵਿਊ ਲਈ ਗਈ ਪ੍ਰੰਤੂ ਕੋਈ ਸਿੱਟਾ ਨਾ ਨਿਕਲਿਆ। ਘਰ ਦੇ ਦੋ ਸ਼ੱਕੀ ਮੈਂਬਰਾਂ ਨੂੰ ਹਿਪਨੋਟਾਈਜ਼ ਕੀਤਾ ਗਿਆ ਅਤੇ ਧਮਕੀ ਭਰੇ ਲਹਿਜੇ ਵਿੱਚ ਦੋਸ਼ੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਕੋਈ ਵੀ ਨਾ ਮੰਨਿਆ। ਸੋ ਇਹ ਢੰਗ ਸਫਲ ਸਾਬਤ ਨਾ ਹੋਇਆ।

## ਘਰ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਕਰਨਾ :

ਕਿਸੇ ਨਤੀਜੇ ਤੇ ਨਾ ਪੁੱਜਣ ਤੇ ਸਾਡੇ ਦੁਆਰਾ ਘਰਾਂ ਦੇ ਸਾਰੇ ਮੈਂਬਰਾਂ ਨੂੰ ਇੱਕਠੇ ਕਰ ਲਿਆ ਗਿਆ ਅਤੇ ਭੂਤਾਂ-ਪ੍ਰੇਤਾਂ ਦੀ ਅਣਹੋਂਦ ਬਾਰੇ ਦਸਿਆ ਗਿਆ। ਇਹ ਵੀ ਦੱਸਿਆ ਗਿਆ ਕਿ ਘਟਨਾਵਾਂ ਕਰਨ ਵਾਲਾ ਘਰ ਦਾ ਹੀ ਕੋਈ ਮਾਨਸਿਕ ਰੋਗੀ ਵਿਅਕਤੀ ਹੈ, ਪ੍ਰੰਤੂ ਘਰ ਵਾਲੇ ਇਸ ਗੱਲ ਨੂੰ ਨਹੀਂ ਸਨ ਮੰਨ ਰਹੇ, ਕਿਉਂਕਿ ਉਹਨਾਂ ਦੀ ਹਾਜ਼ਰੀ ਵਿੱਚ 12 ਤੋਂ 5 ਵਜੇ ਤੱਕ ਦਿਨ ਵਿੱਚ 7-8 ਵਾਰ ਅੱਗ ਲੱਗ ਹੀ ਜਾਂਦੀ ਸੀ। ਇਸ ਲਈ ਸੁਸਾਇਟੀ ਵਲੋਂ ਦੂਸਰੇ ਦਿਨ 12 ਤੋਂ 5 ਵਜੇ ਤੱਕ ਪਹਿਰਾ ਦੇਣ ਲਈ ਕਿਹਾ ਗਿਆ। ਘਰ ਦੇ ਇਹ ਗੱਲ ਵੀ ਮੰਨੇ ਕਿ ਜੇਕਰ ਤੁਹਾਡੀ ਹਾਜ਼ਰੀ ਵਿੱਚ ਅੱਗ ਨਾ ਲੱਗੀ ਤਾਂ ਅਸੀਂ ਇਹ ਸਮਝਾਂਗੇ ਕਿ ਘਰ ਦਾ ਹੀ ਕੋਈ ਵਿਅਕਤੀ ਅੱਗ ਲਗਾ ਰਿਹਾ ਹੈ।

## ਸੁਸਾਇਟੀ ਮੈਂਬਰਾਂ ਦਾ ਦੂਸਰੇ ਦਿਨ ਜਾਣਾ :

ਦੂਸਰੇ ਦਿਨ ਗਿਦੜਬਾਹਾ ਇਕਾਈ ਦੇ ਪ੍ਰਧਾਨ ਹਰਚਰਨ ਸਿੰਘ, ਖਜਾਨਚੀ ਹਰਪਿੰਦਰ ਸਿੰਘ, ਪੰਨਾ ਲਾਲ ਅਤੇ ਸੁਸਾਇਟੀ ਦੇ ਦੋ ਹੋਰ ਹਮਦਰਦ ਸਾਥੀ ਤਰਸੇਮ ਸਿੰਘ ਤੇ ਪੱਪੀ ਦਿਨੇ 12-00 ਵਜੇ ਘਟਨਾਵਾਂ ਵਾਲੇ ਘਰ ਪੁੱਜ ਗਏ। ਸਾਡੇ ਜਾਣ ਤੋਂ ਪਹਿਲਾਂ ਹੀ 9-00 ਵਜੇ ਇੱਕ ਵਾਰ ਅੱਗ ਲੱਗ ਚੁੱਕੀ ਸੀ ਅਤੇ ਉਸ ਤੋਂ ਬਾਅਦ ਸਾਡੀ ਹਾਜਰੀ ਵਿਚ 2-50 ਤੱਕ ਅੱਗ ਨਾ ਲੱਗੀ ਪ੍ਰੰਤੂ ਦੋਸ਼ੀ ਨੂੰ ਫੜਨਾ ਤਾਂ ਜ਼ਰੂਰੀ ਸੀ।

**ਤੇ 'ਭੂਤ' ਫੜ ਲਿਆ :** 2-50 ਤੋਂ ਬਾਅਦ ਅਸੀਂ ਘਰ ਦੇ ਦੋ ਸਮਝਦਾਰ ਮੈਂਬਰਾਂ ਨੂੰ ਇਹ ਕਹਿ ਦਿੱਤਾ ਕਿ ਤੁਸੀਂ ਘਰ ਦੇ ਸਾਰੇ ਮੈਂਬਰਾਂ ਨੂੰ ਇਹ ਗੱਲ ਕਹਿ ਦੇਵੋ

ਕਿ ਸੁਸਾਇਟੀ ਦੀ ਸਮਝ ਵਿੱਚ ਕੁਝ ਨਹੀਂ ਆਇਆ ਅਤੇ ਉਹ ਜਾ ਰਹੇ ਹਨ। ਪ੍ਰੰਤੂ ਅਸੀਂ ਘਰ ਦੇ ਪਿਛੇ ਹੀ ਅਤੇ ਹੋਰ ਥਾਵਾਂ ਤੇ ਛੁਪ ਕੇ ਬੈਠ ਗਏ ਜਿਥੋਂ ਛਿਟੀਆਂ ਕੋਲ ਜਾਣ ਵਾਲਾ ਹਰ ਵਿਅਕਤੀ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਸੀ। ਘਰ ਦੇ ਦੋ ਮੈਂਬਰਾ ਤੋਂ ਬਿਨਾਂ ਕਿਸੇ ਵਿਅਕਤੀ ਨੂੰ ਨਹੀਂ ਪਤਾ ਸੀ ਕਿ ਸੁਸਾਇਟੀ ਵਾਲੇ ਇਥੇ ਹੀ ਛੁਪੇ ਹਨ। ਘਰਾਂ ਦੇ ਮੈਂਬਰ ਆਪੋ ਆਪਣੇ ਕੰਮ ਕਾਰ ਵਿੱਚ ਲੱਗ ਗਏ ਅਤੇ ਸੁਸਾਇਟੀ ਵਾਲੇ ਕੜਕਦੀ ਧੁੱਪ ਵਿਚ ਬੈਠੇ ਨਿਗਰਾਨੀ ਰਖਦੇ ਰਹੇ। ਆਖਿਰ ਦੋ ਘੰਟ ਬਾਅਦ 'ਭੂਤ' (ਦੋਸ਼ੀ ਵਿਅਕਤੀ) ਆਇਆ ਅਤੇ ਡੱਬੀ ਨਾਲ ਛਟੀਆਂ ਨੂੰ ਅੱਗ ਲਗਾ ਦਿੱਤੀ। ਅਸੀਂ ਉਸੇ ਵਕਤ ਘਰ ਵਿੱਚ ਆ ਗਏ ਅਤੇ ਅੱਗ ਬੁਝਾ ਦਿੱਤੀ ਗਈ।

## ਘਟਨਾਵਾਂ ਕਿਉਂ ਅਤੇ ਕਿਸ ਦੁਆਰਾ ?

ਇਹ ਘਟਨਾਵਾਂ ਮੇਜਰ ਸਿੰਘ ਦੀ 13 ਸਾਲਾ ਲੜਕੀ ਮਨਜੀਤ ਕੌਰ ਕਰਦੀ ਸੀ। ਕਿਉਂਕਿ ਸਾਡੇ ਜਿਆਦਾਤਰ ਘਰਾਂ ਵਿੱਚ ਔਰਤਾਂ ਦੇ ਦਰਜੇ ਨੂੰ ਬਹੁਤ ਘਟੀਆ ਅਤੇ ਗੁਲਾਮ ਬਣਾ ਕੇ ਰਖਿਆ ਜਾਂਦਾ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਨੂੰ ਮਾਪਿਆਂ ਵਲੋਂ ਘਟ ਧਿਆਨ ਦਿੱਤਾ ਜਾਂਦਾ ਹੈ ਅਤੇ ਸਹੂਲਤਾਂ ਵੀ ਘੱਟ ਦਿੱਤੀਆਂ ਜਾਂਦੀਆਂ ਹਨ ਇਹੀ ਕੁਝ ਮਨਜੀਤ ਨਾਲ ਵਾਪਰ ਰਿਹਾ ਸੀ ਅਤੇ ਉਸਨੂੰ ਅਜਿਹੀਆਂ ਘਟਨਾਵਾਂ ਕਰਨ ਲਈ ਮਜ਼ਬੂਰ ਕਰ ਰਿਹਾ ਸੀ। ਸਾਡੇ ਦੁਆਰਾ ਕੁੜੀ ਨੂੰ ਹਿਪਨੋਟਾਈਜ਼ ਕਰਕੇ ਘਟਨਾਵਾਂ ਨਾ ਕਰਨ ਦੇ ਸੁਝਾਅ ਦਿਤੇ ਗਏ ਅਤੇ ਉਸਨੇ ਵੀ ਅੱਗੋਂ ਘਟਨਾਵਾਂ ਨਾ ਕਰਨ ਦਾ ਵਾਅਦਾ ਕੀਤਾ। ਸਾਡੇ ਦੁਆਰਾ ਕੁੜੀ ਦੇ ਮਾਪਿਆਂ ਨੂੰ ਉਸਦੀ ਹਾਲਤ ਸੁਧਾਰਨ ਬਾਰੇ ਕਿਹਾ ਗਿਆ। ਲੜਕੀ ਦੇ ਕਹਿਣ ਤੇ ਉਸਦੇ ਨਵੇਂ ਕੱਪੜੇ ਬਨਾਉਣ ਬਾਰੇ ਕਿਹਾ ਗਿਆ

ਹੁਣ ਉਹ ਘਰ ਬਿਲਕੁਲ ਠੀਕ ਹੈ।

ਡਾ. ਹਰਚਰਨ ਪ੍ਰਧਾਨ
ਇਕਾਈ ਗਿਦੜਬਾਹਾ।

—0—

# 20 ਸਾਲ ਪੁਰਾਣਾ 'ਭੂਤ' ਜਦੋਂ ਘਰੋਂ ਕੱਢਿਆ

ਲਗਭਗ ਪਿਛਲੇ ਵੀਹ ਸਾਲਾਂ ਤੋਂ ਪਿੰਡ ਸਿਰੀਏਵਾਲਾ (ਬਠਿੰਡਾ) ਵਿਖੇ ਇਕ ਔਰਤ ਮਾਨਸਿਕ ਰੋਗ ਦਾ ਸ਼ਿਕਾਰ ਸੀ, ਜਿਸਨੂੰ ਦੋ "ਭੂਤਾਂ" ਦਿਖਾਈ ਦਿੰਦੀਆਂ ਤੇ ਕਈ ਵਾਰ ਸਿਰ ਘੁੰਮਾਉਣ (ਖੇਡਣ) ਲੱਗ ਜਾਂਦੀ ਸੀ, ਕਈ ਵਾਰ ਦੌਰੇ ਪੈਂਦੇ ਰਹਿੰਦੇ ਸਨ। ਘਰ ਵਾਲਿਆਂ ਵਲੋਂ ਲਗਾਤਾਰ ਕੋਸ਼ਿਸ਼ਾਂ ਕਰਕੇ, ਕਈ ਸਾਧਾਂ, ਚੇਲਿਆਂ, ਸਿਆਣਿਆਂ ਆਦਿ ਤੋਂ ਇਲਾਜ ਕਰਵਾਇਆ ਗਿਆ ਪਰੰਤੂ ਮਰੀਜ ਨੂੰ ਕੋਈ ਫ਼ਾਇਦਾ ਨਾ ਹੋਇਆ। ਸਗੋਂ ਮਰੀਜ ਦੀ ਸਿਹਤ ਪਹਿਲਾਂ ਨਾਲੋਂ ਵੀ ਜਿਆਦਾ ਕਮਜੋਰ ਹੁੰਦੀ ਗਈ।

ਘਰ ਵਾਲੇ ਸਾਰੀ ਵਾਹ ਲਾ ਕੇ ਬੈਠ ਗਏ ਤਾਂ ਉਨ੍ਹਾਂ ਦੇ ਇਕ ਰਿਸ਼ਤੇਦਾਰ ਨੇ ਘਰਦਿਆਂ ਨੂੰ ਸੁਝਾਅ ਦਿੱਤਾ ਕਿ ਆਪਾਂ ਰੈਸ਼ਨੇਲਿਸਟ ਸੁਸਾਇਟੀ ਨਾਲ ਸੰਪਰਕ ਕਰੀਏ ਤਾਂ ਉਹ ਆਪਾਂ ਨੂੰ ਸਿਧੇ ਰਸਤੇ ਪਾ ਸਕਦੇ ਹਨ। ਪਰੰਤੂ ਘਰ ਵਾਲੇ ਕਈ ਚੇਲਿਆਂ, ਸਾਧਾਂ ਆਦਿ ਤੋਂ ਬਹੁਤ ਤੰਗ ਆ ਚੁਕੇ ਸਨ, ਕਹਿਣ ਲਗੇ ਕਿ ਆਪਣੀ ਲੜਕੀ ਵਿਚ ਬਹੁਤ ਖਤਰਨਾਕ ਤੇ ਜਬਰਦਸਤ 'ਭੂਤ'—'ਪ੍ਰੇਤ' ਹੈ। ਇਸ 'ਭੂਤ-ਪ੍ਰੇਤ' ਨੂੰ ਸੁਸਾਇਟੀ ਵਾਲੇ ਵੱਸ ਵਿਚ ਨਹੀਂ ਕਰ ਸਕਦੇ। ਪਰੰਤੂ ਰਿਸ਼ਤੇਦਾਰ ਦੇ ਬਹੁਤਾ ਕਹਿਣ ਕਰਕੇ, ਘਰ ਵਾਲਿਆਂ ਨੇ ਸੁਸਾਇਟੀ ਨਾਲ ਸੰਪਰਕ ਕਰਨਾ ਮੰਨ ਲਿਆ।

ਘਰ ਵਾਲੇ ਰਿਸ਼ਤੇਦਾਰ ਨੂੰ ਨਾਲ ਲੈ ਕੇ ਰੈਸ਼ਨੇਲਿਸਟ ਸੁਸਾਇਟੀ ਯੂਨਿਟ ਬਰਗਾੜੀ ਨੂੰ ਮਿਲੇ ਅਤੇ ਆਪਣੀ ਦੁਖ-ਭਰੀ ਕਹਾਣੀ ਸਾਨੂੰ ਦੱਸੀ। ਅਸੀਂ ਉਨ੍ਹਾਂ ਨੂੰ ਕੇਸ ਹੱਲ ਕਰਨ ਲਈ ਨਿਸਚਤ ਤਰੀਕ ਦੇ ਦਿਤੀ।

ਨਿਸ਼ਚਿਤ ਮਿਤੀ ਨੂੰ ਅਸੀਂ ਤਿੰਨ ਮੈਂਬਰ, ਮੈਂ (ਕ੍ਰਿਸ਼ਨ



ਲਾਲ (ਜਿਲਾ ਪ੍ਰਧਾਨ), ਚੰਨਣ ਸਿੰਘ, ਵਾਦੇਰ (ਪ੍ਰਧਾਨ ਯੂਨਿਟ ਬਰਗਾੜੀ) ਅਤੇ ਦਰਸ਼ਨ ਸਿੰਘ ਵਾਂਦਰ (ਸਹਾਇਕ ਸਕੱਤਰ ਯੂਨਿਟ ਬਰਗਾੜੀ) ਕੇਸ ਹੱਲ ਕਰਨ ਲਈ ਪਿੰਡ ਸਿਰੀਏਵਾਲਾ ਵਿਖੇ ਪਹੁੰਚੇ। ਘਰ ਵਾਲੇ ਸਾਨੂੰ ਬਹੁਤ ਚੰਗੀ ਤਰਾਂ ਮਿਲੇ। ਘਰ ਵਿਚ ਉਨ੍ਹਾਂ ਦਾ ਉਹ ਰਿਸ਼ਤੇਦਾਰ ਵੀ ਸੀ, ਜਿਸਨੇ ਘਰਵਾਲਿਆਂ ਦਾ ਸੁਸਾਇਟੀ ਨਾਲ ਸੰਪਰਕ ਕਰਵਾਇਆ ਸੀ। ਚਾਹ ਪਾਣੀ ਪੀਕੇ ਅਸੀਂ ਕੇਸ ਹੱਲ ਕਰਨ ਲਈ ਲੋੜੀਂਦੀ ਕਾਰਵਾਈ ਸ਼ੁਰੂ ਕੀਤੀ।

**ਘਰ ਵਾਲਿਆਂ ਦੀ ਜ਼ਬਾਨੀ :** ਘਰ ਦੇ ਮੈਂਬਰਾਂ ਤੋਂ ਜਾਣਕਾਰੀ ਮਿਲੀ ਕਿ ਸਾਡੀ ਲੜਕੀ ਨੂੰ 20 ਸਾਲ ਤੋਂ ਕਸਰ ਹੁੰਦੀ ਹੈ। ਲੜਕੀ 9 ਸਾਲ ਦੀ ਸੀ, ਕਿ ਇਹ ਆਪਣੇ ਭਰਾ ਨਾਲ ਖੇਤੋਂ ਮੱਝਾਂ ਲੈ ਕੇ ਆਈ ਸੀ। ਘਰ ਆਉਣ ਸਾਰ ਹੀ ਇਹ ਮੰਜੇ ਤੇ ਡਿੱਗ ਪਈ, ਤੇ ਕਹਿੰਦੀ ਕਿ ਮੇਰੀਆਂ ਲੱਤਾਂ ਬਾਹਾਂ ਟੁਟਦੀਆਂ ਹਨ। ਸਾਡੀ ਇਕ ਗੁਆਂਢਣ ਨੇ ਦੱਸਿਆ ਕਿ ਫਲਾਣੇ ਘਰ ਦੀ ਔਰਤ (ਬਹੂ) ਇਸ ਗਲੀ ਵਿੱਚ ਨਹਾਕੇ, ਟੂਣਾ ਕਰਕੇ ਗਈ ਸੀ। ਅਤੇ ਇਹ ਲੜਕੀ ਉਸ ਟੂਣੇ ਵਾਲੇ ਪਾਣੀ ਉਪਰ ਦੀ ਲੰਘ ਗਈ ਤੇ ਤਾਂ ਹੀ ਇਸ ਲੜਕੀ ਨੂੰ ਕਸਰ ਹੋ ਗਈ। ਲੋਕ ਕਹਿਣ ਲਗ ਪਏ ਕਿ ਤੁਸੀਂ ਕੁੜੀ ਨੂੰ ਕਿਸੇ ਸਿਆਣੇ ਚੇਲੇ ਕੋਲ ਲੈ ਜਾਉ।

ਉਸ ਤੋਂ ਬਾਅਦ ਅਸੀਂ ਰਣੀਏ ਵਾਲੇ ਸੰਤਾਂ ਕੋਲ ਗਏ। ਸੰਤਾਂ ਨੇ ਦੱਸਿਆ ਕਿ ਕੁੜੀ ਵਿੱਚ ਮਜ਼੍ਹਬੀਆਂ ਦੀ ਕੁੜੀ ਦਾ 'ਭੂਤ' ਹੈ। ਕੁੜੀ ਦੇ ਤਵੀਤ ਪਾਉਣ ਨੂੰ ਦਿਤੇ ਅਤੇ ਪਾਣੀ ਮੰਤਰ ਕੇ ਦਿਤਾ, ਜੋ ਨਹਾਉਣ ਵੇਲੇ ਥੋੜਾ ਜਿਹਾ ਪਾਣੀ ਵਿਚ ਪਾਉਂਦੇ ਰਹੇ। ਦੋ ਤਿੰਨ ਸਾਲ ਜਾਣ ਬਾਅਦ ਵੀ ਕੋਈ ਫ਼ਾਇਦਾ ਨਾ ਹੋਇਆ।

ਫਿਰ ਪਿੰਡ ਦੇ ਇਕ ਆਦਮੀ ਨੇ ਸਾਨੂੰ ਦੋਧਰ ਗਿਆਰਵੀਂ ਵਾਲੇ ਸੰਤਾਂ ਕੋਲ ਜਾਣ ਲਈ ਕਿਹਾ, ਕਿ ਇਹ ਸੰਤ ਬਹੁਤ ਕਰਣੀ ਵਾਲੇ ਹਨ। ਸਿਰ ਤੇ ਹੱਥ ਰੱਖਣ ਸਾਰ ਬਾਹਰਲੀ ਵਾਅ ਨੂੰ ਵੱਸ ਵਿੱਚ ਕਰ ਲੈਂਦੇ ਹਨ। ਇਥੋਂ ਬਹੁਤ ਲੋਕ ਠੀਕ ਹੋ ਕੇ ਆਉਂਦੇ ਹਨ। ਲੋਕਾਂ ਦੀਆਂ ਗੱਲਾਂ ਸੁਣ ਕੇ ਅਸੀਂ ਲੜਕੀ ਨੂੰ ਉਥੇ ਵੀ ਲੈ ਕੇ ਗਏ। ਉਨ੍ਹਾਂ ਨੇ ਵੀ ਕੁੜੀ ਵਿਚ 'ਭੂਤ' ਆਉਂਦਾ ਦੱਸਿਆ। ਅਸੀਂ ਉਥੇ ਕੁੜੀ ਨੂੰ 7-8 ਵਾਰ ਲੈਕੇ ਗਏ ਪਰੰਤੂ ਉਸ ਸਾਧ ਤੋਂ ਵੀ ਸਾਨੂੰ ਕੋਈ ਫ਼ਾਇਦਾ ਨਾ ਹੋਇਆ। ਇਸ ਤਰਾਂ ਅਸੀਂ ਹੋਰ ਵੀ ਕਈ ਸਾਧਾਂ, ਚੇਲਿਆਂ, ਸਿਆਣਿਆਂ ਕੋਲ ਗਏ, ਪਰੰਤੂ ਫ਼ਾਇਦਾ ਕਿਸੇ ਵੀ ਹਥੋਂ ਨਾ ਹੋਇਆ। ਅੰਤ ਨੂੰ ਅਸੀਂ ਹਾਰ ਕੇ ਘਰੇ ਬੈਠ ਗਏ। ਲੜਕੀ ਹੁਣ ਜਵਾਨ ਹੋ ਚੁਕੀ ਸੀ। ਇਸ ਲਈ ਅਸੀਂ ਲੜਕੀ ਦਾ ਵਿਆਹ ਕਰ ਦਿਤਾ। ਵਿਆਹ ਤੋਂ ਬਾਅਦ ਵੀ ਲੜਕੀ ਵਿਚ 'ਭੂਤ' ਆਉਂਦੀ ਰਹੀ। ਲੋਕ ਕਹਿੰਦੇ ਕਿ ਲੜਕੀ ਨਾਲ 'ਭੂਤ' ਦਾ ਵਿਆਹ ਵੀ ਵਿਚੇ ਹੀ ਹੋ ਗਿਆ।

ਅਗੋ ਸਹੁਰੇ ਘਰ ਲੜਕੀ ਦਾ ਦੇਵਰ ਮਰਿਆ ਹੋਇਆ ਸੀ। ਉਸਦੀ ਕਸਰ ਵੀ ਲੜਕੀ ਨੂੰ ਹੋਣ ਲਗ ਪਈ। ਇਸ ਤਰਾਂ ਹੁਣ ਲੜਕੀ ਵਿਚ ਦੋ 'ਭੂਤ-ਪ੍ਰੇਤ' ਆਉਣ ਲਗ ਪਏ। ਸੌਹਰੇ ਘਰ ਵਾਲੇ ਵੀ ਕਈ ਸਿਆਣਿਆਂ, ਚੇਲਿਆਂ, ਸਾਧਾਂ ਕੋਲ ਗਏ, ਪਰੰਤੂ ਫ਼ਾਇਦਾ ਕਿਸੇ ਤੋਂ ਵੀ ਨਾ ਹੋਇਆ। ਲੜਕੀ ਦਾ ਘਰ ਵਾਲਾ ਫੌਜ ਵਿਚ ਨੌਕਰੀ ਕਰਦਾ ਸੀ। ਉਹ ਲੜਕੀ ਨੂੰ ਆਪਣੇ ਨਾਲ ਹੀ ਨੇਫਾ ਵਿੱਚ ਲੈ ਗਿਆ। ਪਰੰਤੂ 'ਭੂਤ' ਉਥੇ ਵੀ ਪਿਛੇ ਹੀ ਗਏ। ਲੜਕੀ ਦੇ ਘਰ ਵਾਲਾ ਕਹਿੰਦਾ ਮੈਨੂੰ ਰਾਤ ਨੂੰ ਅਵਾਜ ਪੈਂਦੀ ਹੈ। ਫਿਰ ਸਹੁਰੇ ਘਰ ਵਾਲੇ ਲੜਕੀ ਨੂੰ ਮਟਵਾਣੇ ਵਾਲੇ ਸੰਤਾਂ ਕੋਲ ਲੈ ਕੇ ਗਏ। ਉਨ੍ਹਾਂ ਨੇ ਵੀ ਤਵੀਤ ਧਾਗੇ ਦੇ ਕੇ ਤੋਰ ਦਿਤੇ, ਪਰੰਤੂ ਫ਼ਾਇਦਾ ਕੋਈ ਨਾ ਹੋਇਆ। ਅੱਜ ਤੱਕ ਆਹ ਦਿਨ ਆ ਗਏ। ਹੁਣ ਤੁਸੀਂ ਭਾਈ ਆਪਦਾ ਦੇਖੋ ਕੀ ਰੋਗ ਹੈ। ਅਸੀਂ ਤਾਂ ਤੁਹਾਨੂੰ ਸਾਰੀ ਗੱਲ ਦਸ ਦਿਤੀ। ਕੋਈ ਉਹਲਾ ਨਹੀਂ ਰਖਿਆ ਤੁਹਾਥੋਂ। ਲੜਕੀ ਦੇ ਪੰਜ ਬੱਚੇ (ਲੜਕੀਆਂ) ਹਨ।

**ਸਿਟਾ :** ਅਸੀਂ ਇਸ ਸਿਟੇ ਤੇ ਪਹੁੰਚੇ ਕਿ ਜਦੋਂ ਲੜਕੀ ਖੇਤੋਂ ਘਰ ਆਈ ਤਾਂ ਉਸਨੂੰ ਥਕਾਵਟ ਹੋ ਜਾਣ ਕਾਰਣ, ਉਸਦੀਆਂ ਲੱਤਾਂ ਬਾਹਾਂ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ। ਆਂਢ ਗੁਆਂਢ ਨੇ ਦਵਾਈ ਦਿਵਾਉਣ ਦੀ ਜਗ੍ਹਾ ਲੜਕੀ ਨੂੰ 'ਭੂਤ' ਦੇ ਵਹਿਮ ਵਿਚ ਪਾ ਦਿਤਾ। ਜੋ ਵਹਿਮ ਅੱਜ ਤੱਕ ਵੀ ਕਾਇਮ ਹੈ। ਸਹੁਰੇ ਘਰ ਦਾ ਦੇਵਰ ਦਾ 'ਭੂਤ' ਉਸ ਸਥਿਤੀ ਵਿਚੋਂ ਉਪਜਿਆ ਜਦੋਂ ਕਿ ਸਹੁਰੇ ਘਰ ਉਸ ਨਾਲ ਚੰਗਾ ਵਿਵਹਾਰ ਨਹੀਂ ਕੀਤਾ ਜਾਂਦਾ ਸੀ। ਲੜਕੀ ਦੇ ਹੁਣ ਤੱਕ ਪੰਜ ਲੜਕੀਆਂ ਹੀ ਹਨ। ਪੰਜਾਂ ਲੜਕੀਆਂ ਦਾ ਲਗਾ-

ਤਾਰ ਜਨਮ, ਅੱਜ ਦਾ ਸਮਾਜ ਉਸ ਦੇ ਮਨ-ਵਿੱਚ-ਪਏ ਵਹਿਮ ਦੀਆਂ ਜੜ੍ਹਾਂ ਨੂੰ ਹੋਰ ਮਜਬੂਤ ਕਰਦਾ ਰਿਹਾ।

**ਇਲਾਜ :** ਅਸੀਂ ਕੇਸ ਦੀ ਘੋਖ ਪੜਤਾਲ ਕਰਕੇ ਰੋਗੀ ਲੜਕੀ ਨੂੰ ਸੰਮੋਹਿਕ ਨੀਂਦ ਵਿਚ ਲਿਆਂਦਾ। ਉਸਦੇ ਮਨ ਵਿਚ ਪਏ ਦੋ 'ਭੂਤਾਂ' ਦੇ ਅੰਧ-ਵਿਸ਼ਵਾਸ ਨੂੰ ਖਤਮ ਕੀਤਾ। ਅਤੇ ਇਸ ਤੋਂ ਇਲਾਵਾ ਹੋਰ ਵੀ ਲੋੜੀਂਦੇ ਸੁਝਾਅ ਦਿਤੇ ਗਏ। ਲੜਕੀ ਨੂੰ ਸੁਚੇਤ ਅਵਸਥਾ ਵਿਚ ਲਿਆਂਦਾ ਤਾਂ ਲੜਕੀ ਬਿਲਕੁਲ ਠੀਕ ਸੀ। ਲੜਕੀ ਇੰਨੀ ਕਮਜੋਰ ਹੋ ਚੁਕੀ ਸੀ ਕਿ ਉਸਨੂੰ ਤੁਰਨਾ ਫਿਰਨਾ ਵੀ ਬਹੁਤ ਮੁਸਕਲ ਲਗਦਾ ਸੀ। ਜਿਸ ਲੜਕੀ ਨੇ ਕਈ ਸਾਲਾਂ ਤੋਂ ਕੰਮ ਨਹੀਂ ਕੀਤਾ ਸੀ ਉਸੇ ਲੜਕੀ ਨੇ ਸਾਨੂੰ ਰੋਟੀ ਤਿਆਰ ਕਰ ਕੇ ਖਵਾਈ। ਦੋ-ਤਿੰਨ ਮਹੀਨੇ ਬਾਅਦ ਲੜਕੀ ਦਾ ਭਰਾ ਸਾਨੂੰ ਮਿਲਿਆ ਤੇ ਦੱਸਿਆ ਕਿ ਹੁਣ ਭੈਣ ਬਿਲਕੁਲ ਠੀਕ ਠਾਕ ਹੈ ਅਤੇ ਬਹੁਤ ਖੁਸ਼ ਹੋਇਆ।

☐ ਕ੍ਰਿਸ਼ਨ ਲਾਲ ਬਰਗਾੜੀ

## ਕਵਿਤਾ

ਸਰਬਜੀਤ ਧੰਜੂ—ਪਟਿਆਲਾ

ਹਾੜ੍ਹਾ ਈ ਧਰਮ ਦੀ ਗੱਲ ਨਾ ਛੇੜ ਮਾਏ
[illegible] ਧਰਮ ਚੁਆਤੀਆਂ ਲਾਈਆਂ ਨੇ,
[illegible] ਮਨੁੱਖਤਾ ਜਿਬਾਹ ਕੀਤੀ
ਇਹਨਾਂ ਕਾਜ਼ੀਆਂ ਪੰਡਤਾਂ ਭਾਈਆਂ ਨੇ
ਪੀਣ ਅੰਮ੍ਰਿਤ ਤੇ ਉਗਲਣ ਵਿਹੁ ਮੂੰਹੋਂ
ਅਹਿੰਸਾਵਾਦੀਆਂ ਨੇ ਅੱਤਾਂ ਚਾਈਆਂ ਨੇ
[illegible] ਤੇ ਲੀਡਰਾਂ ਜੱਥੇਦਾਰਾਂ
[illegible] ਨੇ ਦੂਰੀਆਂ ਪਾਈਆਂ ਨੇ
ਬਹੁਤੇ ਅਸੀਂ ਤੋਂ ਅਸਾਂ ਦੇ ਦੇਵਤੇ ਨੇ
[illegible] ਵੀ ਕਰਨ ਮਨ ਆਈਆਂ ਨੇ
[illegible] ਲੁਟੀਂਦੀ ਰਹੀ ਅਬਦਾਲੀਆਂ ਤੋਂ
ਮੂਰਤੀ ਮੰਦਰੋਂ ਬਾਹਰ ਨਾ ਆਈਆਂ ਨੇ
ਮੂਰਤਾਂ [illegible] ਜ਼ੁਲਮ ਜਰਵਾਣਿਆਂ ਦਾ
ਰਹੀਆਂ [illegible] ਨਾ ਕਿਸੇ ਛੁਡਾਈਆਂ ਨੇ
[illegible] ਨੇ ਅੰਸੜੀਏ ਰੱਬ ਸਾਡਾ
[illegible] ਮੰਨੀਆਂ ਜਿਹੜੀਆਂ ਪਾਈਆਂ ਨੇ
ਇਹਨਾਂ [illegible] ਹਿਮਾਲਿਆ ਸਰ ਕੀਤਾ
[illegible] ਚਿੱਪਰਾਂ ਲਾਹੀਆਂ ਨੇ

☐ ਨਜ਼ਮ

## ਮਿੱਟੀ ਦਾ ਮੋਹ

—ਬਲਬੀਰ ਪਰਵਾਨਾ

ਇਹ ਕੋਈ ਸਹੀ ਹੋਣ ਦਾ ਤਰਕ ਨਹੀਂ
ਕਿ ਸਦੀਆਂ ਤੋਂ ਇੰਜ ਈ ਹੁੰਦਾ ਆਇਆ ਹੈ
ਸਚਮੁੱਚ ਈ ਕਿੰਨੀ ਵਾਹਿਯਾਤ ਗੱਲ ਹੈ
ਕਿ ਆਪ ਈ ਘੜੀਆਂ ਕਰਕੇ ਚਾਰ ਕੁ ਇੱਟਾਂ
ਨੱਕ ਰਗੜੇ ਜਾਣ ਉਸ ਅੱਗੇ
ਤੇ ਮੰਗੀਆਂ ਜਾਣ ਮੁਰਾਦਾਂ ਸੁਪਨਿਆਂ ਦੀ ਪੂਰਤੀ ਲਈ
ਕਿ ਜਿਊਣ ਦੀ ਹਰ ਖਾਹਸ਼
ਜੀਉਂਦੀ ਹੀ ਚਿਖਾ 'ਚ ਚਿਣੀ ਜਾਵੇ
ਤੇ ਅੱਖਾਂ 'ਚ ਸੁਲਗਦਾ ਹਰ ਵਿਦਰੋਹ
ਦਮ ਤੋੜ ਜਾਵੇ 'ਕਰਮਾਂ ਦੇ ਚਕਰਵਿਊ' 'ਚ
ਸਚਮੁੱਚ......
ਮਜ਼ਹਬ ਹੀ ਸਿਖਾਉਂਦਾ ਹੈ
ਆਦਮੀ ਨੂੰ ਆਦਮੀ ਨਾ ਸਮਝਣਾ
ਕਿ ਵੰਡਿਆ ਜਾਂਦਾ ਹੈ ਵਿਰਸਾ
ਤਿਰਸੂਲਾਂ, ਕਿਰਪਾਨਾਂ ਜਾਂ ਸੁੰਨਤਾਂ 'ਚ
ਅਗਲੇ ਜਨਮ ਦੀ ਫ਼ਿਕਰ 'ਚ
ਵਰਤਮਾਨ ਨੂੰ ਭੁਲ ਜਾਣ ਦਾ ਫ਼ਲਸਫ਼ਾ
ਵਕਤ ਆ ਗਿਆ ਹੈ ਕਿ ਬਗਾਵਤ ਕਰੀਏ ਇਸਤੋਂ
ਕਿਉਂਕਿ ਇਹ ਧਰਤੀ
ਕਲਪਣਾ ਦੇ ਕਿਸੇ ਵੀ ਸਵਰਗ ਨਾਲੋਂ ਸੁਹਣੀ ਹੈ

*0*

ਨੋਟ : ਪਾਠਕਾਂ ਦੀ ਮੰਗ ਨੂੰ ਧਿਆਨ ਵਿੱਚ ਰਖਦਿਆਂ ਹੋਇਆ ਤਰਕਸ਼ੀਲ ਦੇ ਅੰਕ ਨੰ 1 ਤੋਂ 6 ਤੱਕ ਦੀਆਂ ਫਾਈਲਾਂ ਜਲਦੀ ਤਿਆਰ ਹੋ ਕੇ ਆ ਰਹੀਆਂ ਹਨ। ਇਹਨਾਂ ਅੰਕਾਂ ਵਿੱਚ ਹਿਪਨੋਟਿਜ਼ਮ ਆਦਿ ਵਰਗੇ ਅਹਿਮ ਵਿਸ਼ਿਆਂ ਤੇ ਜਾਣਕਾਰੀ ਭਰਪੂਰ ਲੇਖ ਦਿੱਤੇ ਹੋਏ ਹਨ। ਜਿਹੜੇ ਪਾਠਕ ਇਹ ਫਾਇਲਾਂ ਪ੍ਰਾਪਤ ਕਰਨੀਆਂ ਚਾਹੁੰਦੇ ਹੋਣ ਉਹ ਮੈਗ-ਜੀਨ ਦੇ ਐਡਰੈੱਸ ਤੇ ਸੰਪਰਕ ਕਰਨ।

ਕੀਮਤ/-15 —ਸੰਪਾਦਕ



# ਹੱਡ-ਬੀਤੀਆਂ ਜੱਗ-ਬੀਤੀਆਂ

## ਅਸੀਂ ਮਿੱਟੀ ਦੇ ਪਤਾਸੇ ਖਾਧੇ

ਪੋਹ ਦਾ ਮਹੀਨਾ ਸੀ। ਸਵੇਰੇ ਦੇ ਅੱਠ ਵੱਜੇ ਮੈਂ ਡਿਊਟੀ ਤੇ ਜਾਣ ਲਈ ਤਿਆਰੀ ਕਰ ਰਿਹਾ ਸੀ। ਜਦੋਂ ਮੈਂ ਨਾਸ਼ਤਾ ਕਰ ਰਿਹਾ ਸੀ ਤਾਂ ਅਲਖ ਜਗਾਉਂਦਾ ਹੋਇਆ ਇਕ ਸਾਧੂ ਸਾਡੇ ਘਰ ਦਾਖਲ ਹੋਇਆ। ਮੇਰੀ ਨਿਗਾਹ ਉਸ ਵਲ ਗਈ ਤਾਂ ਸਾਧੂ ਨੇ ਮਾਇਆ ਦਕਸ਼ਣਾ ਲਈ ਫੁਰਮਾਇਆ ਪਰ ਮੈਂ ਚੁੱਪ-ਚਾਪ ਉਸ ਵਲ ਦੇਖਦਾ ਰਿਹਾ ਦੂਜੀ ਵਾਰ ਉਸ ਨੇ ਫਿਰ ਮਾਇਆ ਦੀ ਮੰਗ ਕੀਤੀ ਮੈਂ ਨਾਂਹ ਵਿਚ ਸਿਰ ਫੇਰ ਦਿੱਤਾ ਤੇ ਮਜ਼ੇ ਨਾਲ ਨਾਸ਼ਤਾ ਕਰਦਾ ਰਿਹਾ। ਸਾਧੂ ਮੂੰਹ ਵਿਚ ਬੁੜ-ਬੁੜ ਕਰਦਾ ਤੁਰ ਪਿਆ ਤੇ ਜਾ ਕੇ ਸਾਡੇ ਚਾਚਾ ਜੀ ਦੇ ਘਰ ਅਲਖ ਜਗਾ ਦਿੱਤੀ। ਪਰ ਉਸ ਘਰ ਵਿਚ ਵੀ ਕਿਸੇ ਨੇ ਉਸ ਵਲ ਧਿਆਨ ਨਾ ਦਿੱਤਾ ਤਾਂ ਸਾਧੂ ਵਿਹੜੇ ਵਿਚ ਜ਼ਮੀਨ ਤੇ ਹੀ ਬਹਿ ਗਿਆ। ਸਾਧੂ ਆਪਣੇ ਆਲੇ ਦੁਆਲੇ ਫ਼ਿਰਦੇ ਵਿਅਕਤੀਆਂ ਨੂੰ ਦੇਖਦਾ ਹੋਇਆ ਇਹੀ ਆਸ ਲਾਈ ਬੈਠਾ ਸੀ ਕਿ ਸ਼ਾਇਦ ਕਿਸੇ ਨੂੰ ਮੇਰੇ ਤੇ ਦਿਆਲਤਾ ਆ ਹੀ ਜਾਵੇ।

ਸਾਡੇ ਘਰਾਂ ਦਾ ਵਿਹੜਾ ਇਕ ਹੋਣ ਕਰਕੇ ਉਹ ਸਾਧੂ ਮੈਨੂੰ ਆਪਣੇ ਘਰੋਂ ਵੀ ਦਿਖਾਈ ਦੇ ਰਿਹਾ ਸੀ। ਮੇਰੇ ਮਨ ਵਿਚ ਆਇਆ ਕਿ ਕਿਉਂ ਨਾ ਇਹਦੇ ਕੋਲੋਂ ਕੋਈ ਸਵਾਲ ਹੀ ਪੁੱਛ ਲਿਆ ਜਾਏ। ਮੈਂ ਕਾਹਲੀ ਨਾਲ ਨਾਸ਼ਤਾ ਕੀਤਾ ਤੇ ਉਸ ਸਾਧੂ ਕੋਲ ਜਾ ਬੈਠਾ। ਮੇਰੇ ਨਾਸ਼ਤਾ ਕਰਦੇ ਦੌਰਾਨ, ਸਾਧੂ ਕੋਲ, ਮੇਰਾ ਵੱਡਾ ਭਾਈ ਰਜਿੰਦਰ ਪਾਲ ਅਤੇ ਇਕ ਰਿਸ਼ਤੇਦਾਰ ਹੁਸਨ ਲਾਲ, ਦੋਵੇਂ ਜਾ ਬੈਠੇ ਸਨ। ਮੈਂ ਵੀ ਉਹਨਾਂ ਕੋਲ ਬੈਠ ਗਿਆ। ਅਸੀਂ ਤਿੰਨੇ ਜਣੇ ਉਸ ਸਾਧੂ ਨੂੰ ਪੁੱਠੇ ਸਿੱਧੇ ਸਵਾਲ ਕਰਨ ਲੱਗੇ। ਸਾਡੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਸਾਨੂੰ ਹੋਰ ਗੱਲਾਂ ਨਾਲ ਟਾਲਦਾ ਰਿਹਾ। ਇਹਨਾਂ ਹੀ ਗੱਲਾਂ ਵਿਚ ਅੱਧਾ ਘੰਟਾ ਬੀਤ ਗਿਆ।

ਮੇਰੇ ਤੋਂ ਰਿਹਾ ਨਾ ਗਿਆ। ਮੈਂ ਕਹਿ ਦਿੱਤਾ ਕਿ ਬਾਬਾ ਅਸੀਂ ਤੇਰੇ ਜਿਹੇ ਸਾਧੂਆਂ ਵਿਚ ਵਿਸ਼ਵਾਸ ਨਹੀਂ ਕਰਦੇ ਪਰ ਸਿਆਣੇ ਕਹਿੰਦੇ ਨੇ ਕਿ ਕੁੱਝ ਸੱਚੇ ਸਾਧੂ ਵੀ ਹੁੰਦੇ ਨੇ ਜੇ ਕਿਸੇ ਨੇ ਪਛਾਣ ਕਰਣੀ ਹੋਵੇ ਤਾਂ ਕਿਵੇਂ ਪਤਾ ਚੱਲੂ ਕਿ ਅਸਲੀ ਕੌਣ ਤੇ ਨਕਲੀ ਕੌਣ ਸਾਧੂ ਹੈ ?

ਮੇਰੇ ਇਸ ਸਵਾਲ ਤੇ ਸਾਧੂ ਬੋਲਿਆ "ਬੇਟਾ ਆਪ ਕੀ ਬਾਤ ਠੀਕ ਹੈ। ਸਾਧੂ ਨਕਲੀ ਜ਼ਿਆਦਾ ਹੈ ਔਰ ਅਸਲੀ ਕਮ ਹੈ। ਫਿਰ ਵੀ ਅਸਲੀ ਸਾਧੂ ਕੀ ਪਹਿਚਾਣ ਹੈ"।

ਇਸ ਉਪਰੰਤ ਸਾਧੂ ਨੇ ਧਰਤੀ ਤੋਂ ਪਈ ਮਿੱਟੀ ਦੀ ਡਲੀ ਚੁੱਕੀ ਤੇ ਥੋੜੀ-ਥੋੜੀ ਮਾਤਰਾ ਵਿਚ ਭੋਰ ਕੇ ਸਾਡੇ ਤਿੰਨਾਂ ਦੇ ਹੱਥਾਂ ਤੇ ਰੱਖ ਦਿੱਤੀ। ਅਤੇ ਸਾਨੂੰ ਕਿਹਾ, "ਬੇਟਾ, ਖਾ ਜਾਓ। ਯਿਹ ਪਤਾਸਾ ਹੈ। ਅਗਰ ਮਿੱਟੀ ਹੋਗੀ ਤੋਂ ਮੇਰੇ ਮੂੰਹ ਪਰ ਥੂਕ ਦੇਨਾਂ।"

ਜਦੋਂ ਅਸੀਂ ਮਿੱਟੀ ਨੂੰ ਜੀਭ ਨਾਲ ਚੱਖਿਆ ਤਾਂ ਉਹ ਮਿੱਟੀ ਪਤਾਸੇ ਤੋਂ ਵੀ ਜਿਆਦਾ ਮਿੱਠੀ ਮਹਿਸੂਸ ਹੋਈ। ਸਾਨੂੰ ਹੈਰਾਨੀ ਹੋਈ ਕਿ ਬਾਬੇ ਵਿਚ ਇੰਨੀ ਸ਼ਕਤੀ ਹੈ।

ਇਸ ਵਾਰ ਵੀ ਮੇਰੇ ਕੋਲੋਂ ਜਰਿਆ ਨਾ ਗਿਆ। ਮੈਂ ਬਾਬੇ ਨੂੰ ਪੁੱਛ ਹੀ ਬੈਠਾ, "ਬਾਬਾ ਮਿੱਟੀ ਦਾ ਪਤਾਸਾ ਬਨਾਉਣ ਵਿਚ ਕੀ ਭੇਦ ਹੈ ?"

"ਬੇਟਾ ਯਿਹ ਤੋਂ ਹਮਾਰੇ ਮਨ ਕੀ ਸਾਧਨਾ ਕਾ ਫਲ ਹੈ। ਹਮ ਨੇ ਬੀਸ ਵਰਸ ਰਿਸ਼ੀਕੇਸ਼ ਮੇਂ ਤੱਪਸਿਆ ਕੀ ਹੈ"। ਸਾਧੂ ਨੇ ਦੱਸਿਆ ਪਰ ਮੈਨੂੰ ਯਕੀਨ ਨਾ ਆਇਆ।

"ਬਾਬਾ, ਇਹ ਸਭ ਬਕਵਾਸ ਹੈ। ਤੂੰ ਆਪਣੇ ਹੱਥਾਂ ਨੂੰ ਜਰੂਰ ਕੋਈ ਮਿੱਠਾ ਪਦਾਰਥ ਲਾਇਆ ਹੈ ਜਿਸ ਵਾਰੇ ਸਾਨੂੰ ਪਤਾ ਨਹੀਂ ਹੈ"। ਮੇਰੇ ਕਹਿਣ ਤੇ ਬਾਬਾ ਨਾ ਮੰਨਿਆ। ਪਰ ਮੇਰੇ ਮਨ ਨੂੰ ਤਸੱਲੀ ਨਹੀਂ ਸੀ ਆ ਰਹੀ ਮੈਂ ਇਸ ਕਰਾਮਾਤ ਦਾ ਭੇਦ ਜਾਨਣਾ ਚਾਹੁੰਦਾ ਸੀ। ਮੇਰੇ ਨਾਲ ਦੇ ਤਾਂ ਇਹ ਕਰਾਮਾਤ ਦੇਖਕੇ ਜਿਵੇਂ ਸੰਮੋਹਿਤ ਹੋ ਗਏ ਹੋਣ। ਉਨ੍ਹਾਂ ਨੇ ਸਾਧੂ ਨੂੰ ਦੋ-ਦੋ ਰੁਪਏ ਦਿੱਤੇ। ਪਰ ਮੈਂ ਕੋਈ ਪੈਸਾ ਨਾ ਦਿਤਾ।

ਮੇਰੇ ਵਾਰ-ਵਾਰ ਪੁੱਛਣ ਤੇ ਬਾਬਾ ਮੇਰੇ ਤੋਂ ਅੱਖ ਬਚਾਉਣ ਲਗ ਪਿਆ ਤੇ ਖਿਸਕਣਾ ਚਾਹੁੰਦਾ ਸੀ। ਮੈਂ ਸਾਧੂ ਨੂੰ ਚੈਲਿੰਜ ਕਰ ਦਿੱਤਾ। "ਬਾਬਾ ਇਕ ਮਹੀਨੇ ਬਾਦ ਮੇਰੇ ਘਰ ਆਵੀਂ ਮੈਂ ਤੈਨੂੰ ਇਸ ਕਰਾਮਾਤ ਦਾ ਭੇਦ ਦੱਸ ਦੇਵਾਂਗਾ। ਬਾਬਾ ਤੈਨੂੰ ਦੱਸ ਦੇਣਾਂਗਾ ਕਿ ਤੂੰ ਕਿਹੜਾ ਪਦਾਰਥ, ਮਿੱਟੀ ਮਿੱਠੀ ਕਰਨ ਲਈ ਵਰਤਦਾ ਹੈ"। ਮੇਰੇ ਕਹਿੰਦਿਆਂ-2 ਸਾਧੂ ਮੌਕਾ ਪਾ ਕੇ ਖਿਸਕ ਗਿਆ।

ਮਿੱਟੀ ਮਿੱਠੀ ਕਰਨ ਦੇ ਭੇਦ ਨੂੰ ਵਿਗਿਆਨਕ ਕਸੌਟੀ ਤੋਂ ਪਰਖਣ ਲਈ ਮੈਂ ਕੁਝ ਦਿਨਾਂ ਬਾਅਦ, ਗੜ੍ਹਸ਼ੰਕਰ ਦੇ ਤਰਕਸ਼ੀਲ ਯੂਨਿਟ ਦੇ ਪਰਧਾਨ, ਸਾਥੀ ਤੇਜ ਪਾਲ ਨਾਲ ਗੱਲ ਕੀਤੀ। ਤਾਂ ਉਸਨੇ ਮੈਨੂੰ ਇਸ ਦਾ ਭੇਦ ਦੱਸ ਦਿਤਾ। ਉਸੇ ਹੀ ਦਿਨ ਮੈਂ ਵੀ ਆਪਣੇ ਘਰ ਆ ਕੇ ਮਿੱਟੀ ਦੇ ਪਤਾਸੇ, ਸੁਆਹ ਦੀ ਮਿਸਰੀ ਅਤੇ ਪਾਣੀ ਦਾ ਸ਼ਰਬਤ ਬਣਾ ਕੇ ਸਾਰੇ ਪਰਿਵਾਰ ਨੂੰ ਦਿਖਾਇਆ। ਅਤੇ ਨਾਲ ਹੀ ਦੱਸਿਆ ਕਿ ਇਹ ਸਭ ਮੈਂ ਸ਼ਕਤੀ ਨਾਲ ਨਹੀਂ ਸਗੋਂ ਧੋਖੇ ਨਾਲ ਕਰ ਰਿਹਾ ਹਾਂ।

ਪਾਠਕ ਸਾਥੀਉ ਮਿੱਟੀ ਤੋਂ ਪਤਾਸੇ ਬਨਾਉਣ ਦਾ ਭੇਦ ਦੱਸ ਰਿਹਾ ਹਾਂ। ਇਕ ਪਦਾਰਥ ਜੋ ਪਾਊਡਰ ਵਰਗਾ ਸੁੱਕਾ ਪਦਾਰਥ ਹੈ ਜਿਸ ਨੂੰ ਸਕਰੀਨ ਕਹਿੰਦੇ ਹਨ। ਸਕਰੀਨ ਖੰਡ ਤੋਂ ਕਈ ਗੁਣਾ ਵੱਧ ਮਿੱਠੀ ਹੁੰਦੀ ਹੈ। ਅਗਰ ਸਕਰੀਨ ਨੂੰ ਆਪਣੀਆਂ ਉਂਗਲੀਆਂ ਨਾਲ ਮਲਕੇ ਜਿਸ ਚੀਜ ਤੇ ਉਂਗਲੀ ਮਲਾਂਗੇ ਉਹ ਮਿੱਠੀ ਹੋ ਜਾਂਦੀ ਹੈ। ਜੇ ਕਿਤੇ ਕੋਈ ਅਜਿਹਾ ਸਾਧੂ ਤੁਹਾਨੂੰ ਮਿਲੇ ਜਾਂ ਕਰਾਮਾਤ ਦਿਖਾਵੇ ਤਾਂ ਉਸ ਦੇ ਹੱਥ ਸਾਬਣ ਨਾਲ ਧੁਆ ਕੇ ਫਿਰ ਕਹੋ ਕਿ ਬਾਬਾ ਹੁਣ ਆਹ ਚੀਜ਼ ਮਿੱਠੀ ਕਰ। ਉਹ ਬਾਬਾ ਕਦੇ ਵੀ ਉਸ ਚੀਜ਼ ਨੂੰ ਮਿੱਠੀ ਨਹੀਂ ਕਰ ਸਕੇਗਾ। ਕਿਉਂਕਿ ਸਾਬਣ ਨਾਲ ਹੱਥ ਧੋਣ ਤੇ ਸਕਰੀਨ ਲਹਿ ਜਾਵੇਗੀ।

ਮਨਜੀਤ ਗੜ੍ਹਸੰਕਰੀ

---

# ਮੈਂ ਸਾਧਾਂ ਦੇ ਚੁੰਗਲ ਵਿਚੋਂ ਕਿਵੇਂ ਬਚਿਆ ?

ਮੇਰਾ ਬਚਪਨ ਜਾਂ ਪਿਛੋਕੜ ਧਾਰਮਿਕ ਪ੍ਰਵਿਰਤੀਆਂ ਨਾਲ ਘਿਰਿਆ ਰਿਹਾ ਹੈ। ਮੇਰੀ ਮਾਂ ਅਤੇ ਉਸ ਦਾ ਸਾਰਾ ਪਿਛਲਾ ਪ੍ਰਵਾਰ ਧਾਰਮਿਕ ਰੂੜੀਵਾਦੀ ਵਿਚਾਰਾਂ ਦਾ ਧਾਰਨੀ ਹੈ। ਜ਼ਿੰਦਗੀ ਦਾ ਬਹੁਤਾ ਹਿੱਸਾ ਨਾਨਕੇ-ਘਰ ਰਹਿਣ ਕਰਕੇ ਮੇਰਾ ਮਨ ਵੀ ਧਾਰਮਿਕ ਖ਼ਿਆਲਾਂ ਨਾਲ ਮੱਲਿਆ ਰਿਹਾ ਸੀ। ਉਥੇ ਅਕਸਰ ਹੀ ਸਤਿਸੰਗ ਹੁੰਦਾ ਰਹਿੰਦਾ; ਜਿਸ ਵਿਚ ਮੈਂ ਵੀ ਹਾਜ਼ਰ ਹੁੰਦਾ। ਸਾਡੇ ਰਿਸ਼ਤੇਦਾਰਾਂ ਵਿਚੋਂ ਇਕ ਸੰਤ ਮਹਾਪੁਰਸ਼ ਜਦ ਕਦੇ ਉਥੇ ਆਉਂਦੇ ਤਾਂ ਸਤਿਸੰਗ ਹੋਰ ਧੂਮ ਧਾਮ ਨਾਲ ਹੁੰਦਾ। ਬਹਤ ਸਾਰੇ ਆਂਢੀ ਗੁਆਂਢੀ ਇਕੱਠੇ ਹੋ ਜਾਂਦੇ। ਸੰਤਾਂ ਨੂੰ ਮੱਥਾ ਟੇਕਿਆ ਜਾਂਦਾ ਭੇਟਾ ਚੜ੍ਹਾਈਆਂ ਅਤੇ ਉਨ੍ਹਾਂ ਦੇ ਵਿਚਾਰ ਸੁਣੇ ਜਾਂਦੇ; ਜੋ ਅਕਸਰ ਹੀ ਜਿੰਦਗੀ ਦੇ ਹਰ ਪਹਿਲੂ ਦਾ ਪਿਛਾਂਹ ਖਿੱਚੂ ਢੰਗ ਨਾਲ ਵਿਸ਼ਲੇਸ਼ਣ ਕਰਦੇ। ਸੰਤਾਂ ਨੂੰ 'ਮਹਾਰਾਜ ਜੀ' ਕਰਕੇ ਬੜੇ ਅਦਬ ਅਤੇ ਸਤਿਕਾਰ ਨਾਲ ਬੁਲਾਇਆ ਜਾਂਦਾ। ਉਨ੍ਹਾਂ ਦੀਆਂ ਸੰਗਤਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਸੰਤਾਂ ਨੂੰ ਬੇਅੰਤ ਮਾਇਆ ਭੇਟ ਕੀਤੀ ਜਾਂਦੀ ਸ਼ਰਧਾਲੂ ਆਪਣੇ ਸੁਖ ਅਤੇ ਚੜ੍ਹਦੀ ਕਲਾ ਦੀ ਕਾਮਨਾ ਕਰਦੇ। ਮਾਇਆ ਨੂੰ ਨਾਗਣੀ ਕਹਿਣ ਵਾਲੇ ਇਹਨਾਂ ਮਹਾਂਪੁਰਸ਼ਾਂ ਦੀ ਆਪਣੀ ਸੰਤਾਨ ਸੈਂਕੜੇ ਏਕੜ ਜਮੀਨ (ਜੋ ਹਰਿਆਣੇ 'ਚ ਸੀ) ਦੀ ਮਾਲਕ ਸੀ।

ਮੇਰੀ ਕਾਲਜ ਪੱਧਰ ਤਕ ਦੀ ਪੜ੍ਹਾਈ ਮੁੱਕਣ ਤੱਕ ਮੈਂ ਵੀ ਸੰਤਾਂ ਦਾ ਅੰਨਾਂ ਸ਼ਰਧਾਲੂ ਰਿਹਾ ਅਤੇ ਆਪਣਾ ਕੁਝ ਸਮਾਂ ਉਸਦੇ 'ਸੰਤ-ਵਿਚਾਰ' ਸੁਣਨ 'ਚ ਗੁਜ਼ਾਇਆ ਕਰਦਾ ਰਿਹਾ। ਪਰ ਇਕ ਕੁਦਰਤੀ ਘਟਨਾ ਤੋਂ ਬਾਦ ਮੇਰੀਆਂ ਅੱਖਾਂ ਉਘੜੀਆ। ਬੀ. ਐੱਡ. 'ਚ ਦਾਖਲਾ ਨਾ ਮਿਲਣ ਕਰਕੇ ਮੈਂ ਜੇ.ਬੀ.ਟੀ. 'ਚ ਦਾਖਲਾ ਤਾਂ ਲੈ ਲਿਆ ਪਰ ਮਾਇਕ ਤੰਗੀ ਕਾਰਨ ਮੈਨੂੰ ਸੰਤਾਂ ਦੀ ਸ਼ਰਨ ਲੈਣੀ ਪਈ। ਮੈਂ ਸੰਤਾਂ ਤੋਂ ਕੁਝ ਮੋੜਨਯੋਗ ਰਾਸ਼ੀ ਦੀ ਮੰਗ ਕੀਤੀ ਤਾਂ ਕਿ ਮੈਂ ਕੋਰਸ ਕਰਕੇ ਬਰਸਰੇ ਰੁਜ਼ਗਾਰ ਹੋ ਸਕਦਾ। ਪਰੰਤੂ ਮੇਰੀ ਕਮਅਕਲੀ ਦੀ ਵੀ ਹੱਦ ਨਹੀਂ ਸੀ ਕਿ ਮੈਂ ਏਨਾ ਵੀ ਨਹੀਂ ਸੀ ਜਾਣਦਾ ਕਿ ਸੰਤ ਕੇਵਲ ਲੋਕਾਂ ਕੋਲੋਂ ਭੇਟਾ ਲੈਣ ਲਈ ਹੀ ਹੁੰਦੇ ਹਨ, ਲੋੜਵੰਦਾਂ ਨੂੰ ਕੁਝ ਦੇਣ ਲਈ ਨਹੀਂ ਇਸ ਕਰਕੇ ਸੰਤਾਂ ਨੇ ਮੈਨੂੰ ਕੋਰਾ ਜਵਾਬ ਦੇ ਦਿਤਾ।

ਇਨਸਾਨੀਅਤ ਦੇ ਰਾਹ ਤੇ ਕਿਸੇ ਨੇਕ ਪੁਰਸ਼ ਦੀ ਮਦਦ ਸਦਕਾ ਅੱਜ ਮੈਂ ਰੋਜ਼ਗਾਰ ਉਪਰ ਹਾਂ ਅਤੇ ਇਕ ਸਕੂਲ ਅਧਿਆਪਕ ਹਾਂ। ਜ਼ਿੰਦਗੀ ਦੇ ਅਗਲੇ ਪੰਧ ਤੇ ਮੈਨੂੰ ਰੂਹਾਨੀ ਗੁਰੂ (ਸੰਤਾਂ) ਤੋਂ ਬਾਦ ਸਿਆਸੀ ਗੁਰੂ ਮਿਲਪਿਆ ਜਿਸਨੇ ਮੇਰੀ ਇਹ ਸਮਝਣ 'ਚ ਮਦਦ ਕੀਤੀ ਕਿ ਗਰੀਬੀ, ਦੁੱਖਾਂ ਤੇ ਕਸ਼ਟਾਂ ਦਾ ਕਾਰਨ ਕੋਈ ਪਿਛਲੇ ਕਰਮ ਜਾਂ ਮੌਜੂਦਾ ਜਨਮ 'ਚ ਜਪਤਪ ਦੀ ਘਾਟ ਨਹੀਂ। ਸਗੋਂ ਇਸ ਦਾ ਅਸਲ ਕਾਰਨ ਤਾਂ ਰਾਜਸੀ ਸਤ੍ਹਾ ਸਰਮਾਏਦਾਰਾਂ ਦੇ ਹੱਥ ਆ ਜਾਣਾ ਹੈ। ਸਰਮਾਏਦਾਰੀ ਵਿਰੁੱਧ ਸਮਝੌਤਾ ਰਹਿਤ ਦ੍ਰਿੜ ਸੰਘਰਸ਼ ਦੇ ਰਾਹ ਤੇ ਮਿਹਨਤਕਸ਼ ਲੋਕਾਂ ਨੂੰ ਲਾਮਬੰਦ ਕਰਕੇ ਰਾਜ-ਸੱਤਾ ਲੋਟੂਆਂ ਤੋਂ ਖੋਹ ਕੇ ਭਾਰਤੀ ਲੋਕਾਂ ਦੀ ਬਹੁਗਿਣਤੀ ਦੇ ਦੁੱਖਾਂ ਕਸ਼ਟਾਂ ਤੇ ਗਰੀਬੀ ਦਾ ਸਦਾ ਲਈ ਖਾਤਮਾ ਕਰਕੇ



ਜ਼ਿੰਦਗੀ ਨੂੰ ਖੁਸਹਾਲ ਬਣਾਇਆ ਜਾ ਸਕਦਾ ਹੈ। ਇੰਨ੍ਹਾਂ ਵਿਚਾਰਾਂ ਨਾਲ ਲੈਸ ਹੋਣ ਪਿਛੋਂ ਅਤੇ ਸੰਤਾਂ ਦੇ ਗੈਰਮਨੁੱਖੀ ਅਤੇ ਅਨੈਤਿਕ ਵਿਹਾਰ ਦੇ ਸਿਟੇ ਵਜੋਂ ਮੈਂ ਅੱਜ ਸਾਧਾਂ-ਸੰਤਾਂ ਦੇ ਚੁੰਗਲ ਚੋਂ ਸਦਾ ਲਈ ਨਿਕਲ ਗਿਆ ਹਾਂ। ਘੰਟਿਆਂ ਬੱਧੀ ਮੇਰਾ ਕੀਮਤੀ ਸਮਾਂ ਕਿਸੇ ਅਖੌਤੀ ਰੱਬ ਦੀ ਬੰਦਗੀ ਕਰਨ ਦੀ ਥਾਂ ਜਮਾਤੀ ਸੰਘਰਸ ਲਈ ਲਹਿਰਾਂ ਉਸਾਰਨ ਦੇ ਮਹਾਨ ਕਾਜ ਲਈ ਲਗ ਰਿਹਾ ਹੈ ਤਾਂ ਕ ਅਜਿਹਾ ਸਮਾਜ ਸਿਰਜਿਆ ਜਾ ਸਕੇ ਜਿਸ ਵਿਚ ਅਜਿਹੇ ਦੰਭੀ ਤੇ ਪਾਖੰਡੀ ਸਾਧ ਸੰਤ ਲੋਕਾਂ ਨੂੰ ਗੁੰਮਰਾਹ ਕਰਕੇ, ਵਹਿਮਾਂ ਭਰਮਾਂ 'ਚ ਫਸਾ ਕੇ ਉਨ੍ਹਾਂ ਦੀ ਲੁੱਟ ਨਾ ਕਰ ਸਕਣ ਅਤੇ ਲੋਕਾਂ ਦਾ ਕੀਮਤੀ ਸਮਾਂ ਬਚਾ ਕੇ ਉਸਾਰੂ ਪਾਸੇ ਲਾਇਆ ਜਾ ਸਕੇ।

ਜਸਵਿੰਦਰ ਚਾਹਲ

---

# 'ਜੱਗ ਬੀਤੀ'

ਇਕ ਕਹਾਵਤ ਹੈ ਨੀਮ ਹਕੀਮ ਖਤਰਾ ਏ ਜਾਨ।' ਪਰ ਸਾਡੇ ਦੇਸ਼ ਵਿੱਚ ਗਰੀਬੀ ਅਨਪੜ੍ਹਤਾ ਤੇ ਅੰਧ ਵਿਸਵਾਸ਼ ਦੀ ਘੁੰਮਣਘੇਰੀ ਚ ਫਸੇ ਲੋਕ ਅਜੇ ਵੀ ਆਪਣੀ ਬਿਮਾਰੀ ਦਾ ਇਲਾਜ ਇਨ੍ਹਾਂ ਨੀਮ ਹਕੀਮਾਂ ਤੋਂ ਕਰਾਉਣ ਨੂੰ ਹੀ ਪਹਿਲ ਦਿੰਦੇ ਹਨ ਇਨ੍ਹਾਂ ਨੀਮ ਹਕੀਮਾਂ 'ਚ ਸਾਡੇ ਪਿੰਡਾ 'ਚ ਡੇਰੇ ਲਾਈ ਬੈਠੇ ਹਜਾਰਾਂ ਸਾਧ ਸੰਤ ਸ਼ਾਮਲ ਹਨ। ਇਹਨਾਂ ਸਾਧਾਂ ਦੇ ਵਹੇ ਚੜਕੇ ਕਿਨੇ ਵੱਡੇ ਨੁਕਸਾਨ ਹੋ ਸਕਦੇ ਹਨ ਇਸਦੀ ਇੱਕ ਉਦਾਹਰਣ ਇੱਕ ਇਹ ਜੱਗ ਬੀਤੀ ਹੈ ਜਿਸ ਵਿੱਚ ਜਿਥੇ ਸਾਧ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਉਥੇ ਇਕ ਵੱਡ ਮੁੱਲੀ ਮਨੁੱਖੀ ਜ਼ਿੰਦਗੀ ਵੀ ਜਾਂਦੀ ਰਹੀ। ਇਹ ਘਟਨਾ ਹਰਿਆਣਾ ਪ੍ਰਾਂਤ ਦੇ ਸੋਨੀਪਤ ਜਿਲੇ ਦੇ ਇਕ ਪਿੰਡ ਦੀ ਹੈ। ਪਿੰਡ ਦੇ ਇਕ ਪ੍ਰੀਵਾਰ ਦੀ ਨਵੀਂ ਵਿਆਹੀ ਲੜਕੀ ਨੂੰ ਰਾਤ ਨੂੰ ਸੁਤਿਆ ਪਿਆ ਦਬਾਅ ਪੈ ਜਾਂਦਾ ਸੀ ਤੇ ਡਰਾ-ਉਣੇ ਸਪਨੇ ਆਉਦੇ ਸੀ ਜਿਸ ਤੋਂ ਡਰਕੇ ਉਹ ਕੂਕਾਂ ਮਾਰਨ ਲਗ ਪੈਂਦੀ ਉਸ ਲੜਕੀ ਦੀ ਸੱਸ ਪਿੰਡ ਦੇ ਸਾਧ ਦੇ ਡੇਰੇ ਤੇ ਗਈ ਤੇ ਸਾਰੀ ਘਟਨਾ ਬਾਬੇ ਨੂੰ ਜਾ ਦੱਸੀ ਬਾਬੇ ਨੇ ਦੱਸਿਆ ਕਿ ਕੜੀ ਨੂੰ ਕੋਈ ਬਾਹਰਲੀ ਚੀਜ ਆ ਕੇ ਤੰਗ ਕਰਦੀ ਹੈ ਤੇ ਇਸ ਚੀਜ ਨੂੰ ਹਟਾਉਣ ਲਈ ਉਸ ਨੇ ਮਾਈ ਨੂੰ ਦੋ ਪੁੜੀਆਂ ਜਿਹੀਆਂ ਦੇ ਕੇ ਕਿਹਾ ਕਿ ਇਨ੍ਹਾਂ ਪੁੜੀਆਂ ਨੂੰ ਆਪਣੀ ਨੂੰਹ ਦੇ ਸਿਰ ਉਪਰ ਦੀ ਵਾਰ ਕੇ ਅੱਧਾ ਕਿਲੋ ਦੁੱਧ ਦੀ ਖੀਰ ਬਣਾਕੇ ਉਸ ਵਿੱਚ ਇਹ ਪੁੜੀਆ ਪਾ ਕੇ ਕਾਲੇ ਕੁੱਤੇ ਨੂੰ ਖੁਆ ਦੇਈਂ। ਮਾਈ ਨੇ ਜਾਕੇ ਸਭ ਕੁੱਝ ਉਸੇ ਤਰ੍ਹਾਂ ਕੀਤਾ ਪਰ ਖੀਰ ਨੂੰ ਕੁੱਤੇ ਨੂੰ ਪਾਉਣ ਦੀ ਬਜਾਏ ਉਸ ਨੇ ਸੋਚਿਆ ਕਿ ਦਾਨ ਹੀ ਕਰਨਾ ਹੈ ਕਿਉਂ ਨਾ ਪੰਡਿਤਾਂ ਦੇ ਘਰ ਦੇ ਆਈਏ ਮਾਈ ਖੀਰ ਦਾ ਛੰਨਾ (ਕਟੋਰਾ) ਭਰ ਕੇ ਪੰਡਿਤਾਂਦੇ ਘਰ ਦੇ ਆਈ ਪੰਡਤਾਣੀ ਨੇ ਛੰਨਾ ਪਕੜ ਕੇ ਢੱਕ ਕੇ ਰੱਖ ਦਿਤਾ। ਕੁਝ ਦੇਰ ਬਾਅਦ ਪੰਡਿਤਾਂ ਦਾ ਮੁੰਡਾ ਜੋ ਕਾਲਜ ਵਿੱਚ ਪੜ੍ਹਦਾ ਸੀ ਪੜ ਕੇ ਘਰ ਆਇਆ ਤੇ ਮਾਂ ਨੂੰ ਕਹਿਣ ਲੱਗਾ ਕਿ ਮੈਨੂੰ ਭੁੱਖ ਲਗੀ ਹੈ ਕੋਈ ਰੋਟੀ ਹੈ ਤਾਂ ਦੇ ਦੇ। ਮਾਂ ਨੇ ਕਿਹਾ ਪੁੱਤ ਰੋਟੀ ਤਾਂ ਹੈ ਨਹੀਂ ਆਹ ਖੀਰ ਆਈ ਐ ਫਲਾਨੇ ਘਰੋ ਇਹ ਖਾ ਲੈ। ਮੁੰਡੇ ਨੇ ਖੀਰ ਖਾ ਲਈ ਤੇ ਕੁਝ ਦੇਰ ਬਾਅਦ ਉਸ ਦੀ ਮੌਤ ਹੋ ਗਈ। ਗਭਰੂ ਮੁੰਡੇ ਦੀ ਮੌਤ ਤੇ ਸਾਰੇ ਪਿੰਡ ਚ ਕੁਰਲਾਹਟ ਪੈ ਗਈ ਪੁਲਸ 'ਚ ਰਿਪੋਰਟ ਹੋਈ ਪੁਲਸ ਨੇ ਮਾਈ ਨੂੰ ਜਾ ਫੜਿਆਂ ਮਾਈ ਨੇ ਅੱਗੋਂ ਸਾਧ ਪਕੜਵਾ ਦਿੱਤਾ। ਸਾਧ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਕੁੜੀ ਦਾ ਭਰਮ ਦੂਰ ਕਰਨ ਲਈ ਮਾਈ ਨੂੰ ਦੋ ਜਹਿਰ ਦੀਆਂ ਪੁੜੀਆਂ ਦਿੱਤੀਆਂ ਸਨ ਜੋ ਉਸ ਨੇ ਖੀਰ ਚ ਪਾ ਕੇ ਕੁੱਤੇ ਨੂੰ ਦੇਣੀਆਂ ਸਨ ਤੇ ਕੁੱਤੇ ਨੇ ਮਰ ਜਾਣਾ ਸੀ ਤੇ ਕੁੜੀ ਦਾ ਭਰਮ ਦੂਰ ਹੋ ਜਾਣਾ ਸੀ ਪਰ........।

ਪਰਮ ਜੀਤ ਸਿੰਘ
ਮਛਰਾਏ ਕਲਾਂ

---

**ਨੋਟ :** ਡਾਕ ਰਾਹੀਂ ਮੈਗਜੀਨ ਪ੍ਰਾਪਤ ਕਰਨ ਵਾਲੇ ਕਈ ਪਾਠਕਾਂ ਵਲੋਂ ਮੈਗਜ਼ੀਨ ਪ੍ਰਾਪਤ ਨਾ ਹੋਣ ਤੇ ਬੜੇ ਸਖਤ ਸ਼ਬਦਾਂ ਵਿੱਚ ਚਿੱਠੀਆਂ ਲਿਖੀਆਂ ਜਾਂਦੀਆਂ ਹਨ। ਸਾਡੇ ਵਲੋਂ ਡਾਕ ਰਾਹੀਂ ਭੇਜਿਆ ਜਾਣ ਵਾਲਾ ਹਰੇਕ ਮੈਗਜੀਨ ਪੋਸਟ ਕੀਤਾ ਜਾਂਦਾ ਹੈ। ਭਾਰਤੀ ਡਾਕ ਪ੍ਰਬੰਧ ਵਿਚ ਗੜ ਬੜ ਹੋਣ ਕਾਰਣ ਕਿਸੇ ਪਾਠਕ ਤੱਕ ਮੈਗਜੀਨ ਪਹੁੰਚਣੋਂ ਰਹਿ ਸਕਦਾ ਹੈ ਇਸ ਲਈ ਉਹਨਾਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਆਪਣੇ ਸਥਾਨਿਕ ਪੋਸਟ ਆਫਿਸ ਤੋਂ ਪਤਾ ਕਰਨ ਫਿਰ ਵੀ ਨਾ ਪ੍ਰਾਪਤ ਹੋਵੇ ਤਾਂ ਅਜਿਹੀਆਂ ਚਿੱਠੀਆਂ ਲਿਖਣ ਦੀ ਬਜਾਏ ਸਾਧਾਰਣ ਤੌਰ ਤੇ ਹੀ ਸੂਚਿਤ ਕਰ ਦਿਆ ਕਰਨ। ਅਜਿਹੀ ਹਾਲਤ ਵਿੱਚ ਮੈਗਜੀਨ ਦੁਬਾਰਾ ਪੋਸਟ ਕਰ ਦਿੱਤਾ ਜਾਂਦਾ ਹੈ। —ਸੰਪਾਦਕ

# ਸਰਗਰਮੀਆਂ

## ਪਟਿਆਲਾ ਇਕਾਈ

ਪਟਿਆਲਾ ਇਕਾਈ ਦੀ ਮੀਟਿੰਗ ਵਿੱਚ ਮਹਿਸੂਸ ਕੀਤਾ ਗਿਆ ਸੀ ਕਿ ਸਮਾਜ ਵਿੱਚ ਵਿਗਿਆਨਕ ਚੇਤਨਾ ਦੇ ਵਿਕਾਸ ਲਈ ਕੰਮ ਬੱਚਿਆਂ ਤੋਂ ਹੀ ਸ਼ੁਰੂ ਕੀਤਾ ਜਾਵੇ ਤਾਂ ਸਿੱਟੇ ਵਧੇਰੇ ਫਾਇਦੇ ਮੰਦ ਰਹਿਣਗੇ। ਇਸ ਸਮਝ ਅਧੀਨ ਯੂਨਿਟ ਦੇ ਪ੍ਰਧਾਨ ਜਨਕ ਰਾਜ ਅਤੇ ਇੱਕ ਹੋਰ ਸਾਥੀ ਮਨਪ੍ਰੀਤ ਗਿੱਲ ਨੇ ਪਟਿਆਲੇ ਦੇ ਸਥਾਨਕ 8-10 ਮਦਰੱਸਿਆਂ ਵਿੱਚ ਲਗਾਤਾਰ ਮੈਜਿਕ ਸ਼ੋਅ ਦਿੰਦਿਆਂ 'ਜਾਦੂ' ਨੂੰ ਹੱਥ ਦੀ ਸਫਾਈ ਸਿੱਧ ਕਰਦਿਆਂ ਵਹਿਮਾਂ-ਭਰਮਾਂ ਦਾ ਭਾਂਡਾ ਫੌੜਿਆ ਅਤੇ ਰੈਸ਼ਨੇਲਿਸਟ ਸੁਸਾਇਟੀ ਦੇ ਪ੍ਰੋਗਰਾਮ ਤੋਂ ਲੋਕਾਂ ਨੂੰ ਜਾਣੂ ਕਰਵਾਇਆ।

ਇਸੇ ਸਮੇਂ ਦੌਰਾਨ ਇਨਸਰਵਿਸ ਟੀਚਰ ਟਰੇਨਿੰਗ ਕੈਂਪ ਭੁਨਰਹੇੜੀ ਦੇ ਦੋ ਟੀਚਰ ਗਰੁੱਪਾਂ ਨੂੰ ਸੁਸਾਇਟੀ ਮੈਂਬਰ ਰਾਜਿੰਦਰ ਪਾਲ ਸਿੰਘ ਨੇ ਵਿਗਿਆਨਕ ਚੇਤਨਾ ਦੇ ਪ੍ਰਸਾਰ ਵਿੱਚ ਉਹਨਾਂ ਦੇ ਬਣਦੇ ਰੋਲ ਤੋਂ ਜਾਣੂ ਕਰਵਾਉਂਦਿਆਂ ਵਿਦਿਆਰਥੀਆਂ ਵਿੱਚ ਵਿਗਿਆਨਕ ਨਜ਼ਰੀਆ ਉਤਪੰਨ ਕਰਨ ਉਤੇ ਜੋਰ ਦਿੱਤਾ। ਉਹਨਾ ਅਧਿਆਪਕਾ ਨੂੰ ਸਿਧਾਂਤ ਅਤੇ ਅਮਲ ਦਾ ਖੱਪਾ ਮੇਟ ਕੇ ਚਲਣ ਦਾ ਸੁਝਾਅ ਦਿੰਦਿਆਂ ਆਖਿਆ ਕਿ ਹਰ ਵਰਤਾਰੇ ਨੂੰ ਵਿਗਿਆਨਕ ਢੰਗ ਤਰੀਕੇ ਨਾਲ ਪਰਖਕੇ ਹੀ ਸੱਚ ਮੰਨਣਾ ਚਾਹੀਦਾ ਹੈ।

ਚਰਨਜੀਤ ਕੌਰ-ਪ੍ਰੈ. ਯੂ. ਪਟਿਆਲਾ

× × ×

## ਜਿਲਾ ਬਠਿੰਡਾ

ਜ਼ਿਲਾ ਕਮੇਟੀ ਬਠਿੰਡਾ ਵਲੋਂ ਵੀ ਭੁਚੋ ਅਤੇ ਗੋਨਿਆਣਾ ਵਿਖੇ ਲੱਗੇ ਟੀਚਰ ਟਰੇਨਿੰਗ ਕੈਂਪਾਂ ਵਿੱਚ ਸੁਸਾਇਟੀ ਦੀ ਸਮਝ ਅਤੇ ਪ੍ਰੋਗਰਾਮ ਲਿਜਾਇਆ ਗਿਆ ਜਿਸਨੂੰ ਅਧਿਆਪਕਾਂ ਵਲੋਂ ਉਤਸ਼ਾਹੀ ਹੁੰਗਾਰਾ ਦਿੱਤਾ ਗਿਆ।

ਇਸ ਤੋਂ ਬਿਨਾਂ ਵਹਿਮਾਂ ਭਰਮਾਂ ਖਿਲਾਫ ਆਪਣੇ ਪ੍ਰਚਾਰ ਨੂੰ ਜਾਰੀ ਰਖਦਿਆਂ ਹੋਇਆ ਭਾਈ ਰੂਪਾਂ ਅਤੇ ਸੇਲਬਰਾਹ ਦੇ ਸਕੂਲਾਂ ਵਿੱਚ ਮੈਜਿਕ ਸ਼ੋਅ ਦੇ ਪ੍ਰੋਗਰਾਮ ਦਿੱਤੇ ਗਏ ਅਤੇ 12 ਜੂਨ ਨੂੰ ਕਲਿਆਣ ਸੁਖ ਅਤੇ ਕਲਿਆਣ ਮੱਲ ਕੇ ਪਿੰਡਾਂ ਵਿੱਚ ਲੋਕ ਚੇਤਨਾ ਮੰਚ ਰਾਮਪੁਰਾ ਫੂਲ ਵਲੋਂ ਡਰਾਮੇ ਅਤੇ ਸੋਸਾਇਟੀ ਵਲੋਂ ਆਪਣੇ ਪ੍ਰੋਗਰਾਮ ਪੇਸ਼ ਕੀਤੇ ਗਏ।

ਡਾ. ਅਜੀਤ ਪਾਲ- ਪ੍ਰਧਾਨ ਜਿਲਾ ਬਠਿੰਡਾ

× × ×

## ਪੁੱਛਾਂ ਦੇਣ ਵਾਲੀ ਨੇ ਹੱਥ ਜੋੜ ਕੇ ਖਹਿੜਾ ਛੁਡਾਇਆ

ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਕੁਝ ਸਾਲਾਂ ਤੋਂ ਉਨਾਂ ਸਭ ਤਾਕਤਾਂ ਦਾ ਜੋ ਸਧਾਰਨ ਬਹੁਗਿਣਤੀ ਲੋਕਾਂ ਵਿਚ ਅੰਧ ਵਿਸ਼ਵਾਸ, ਵਹਿਮਾਂ-ਭਰਮਾਂ ਅਤੇ ਗੈਬੀ ਸ਼ਕਤੀਆਂ ਨੂੰ ਵਡਾਵਾ ਦੇ ਰਹੀਆਂ ਹਨ ਦਾ ਪਰਦਾ ਫਾਸ਼ ਕਰਦੀ ਰਹੀ ਹੈ। ਸੁਸਾਇਟੀ ਜਿਥੇ ਹਰ ਅਜਿਹੀ ਘਟਨਾ ਨੂੰ ਵਿਗਿਆਨਕ ਕਸਵੱਟੀ ਰਾਹੀਂ ਪਰਖ ਕੇ ਲੋਕਾਂ ਨੂੰ ਸੁਚੇਤ ਕਰ ਰਹੀ ਹੈ ਉਥੇ ਸੁਸਾਇਟੀ ਇਸ ਕਾਰਜ ਨੂੰ ਨੇਪਰੇ ਚਾੜਨ ਲਈ ਹਮੇਸ਼ਾ ਲੋਕਾਂ ਦੀ ਤਾਕਤ ਤੇ ਹੀ ਟੇਕ ਰੱਖ ਕੇ ਚਲ ਰਹੀ ਹੈ। ਕਿਉਂਕਿ ਕੋਈ ਵੀ ਲੜਾਈ ਲੋਕਾਂ ਨਾਲੋਂ ਟੁੱਟ ਕੇ ਜਿੱਤੀ ਨਹੀਂ ਜਾ ਸਕਦੀ। ਪਿਛਲੇ ਦਿਨੀ ਤਰਕਸ਼ੀਲ ਸੁਸਾਇਟੀ ਦੀਆਂ ਬੰਗਾ (ਜਲੰਧਰ) ਅਤੇ ਗੜ੍ਹ ਸ਼ੰਕਰ (ਹੁਸ਼ਿਆਰਪੁਰ) ਇਕਾਈਆਂ ਨੇ ਰਲ ਕੇ ਪਿੰਡ ਪੱਲੀ ਝਿੱਕੀ (ਜਲੰਧਰ) ਦੀ ਪੁਛਾਂ ਦੇਣ ਵਾਲੀ ਬੀਬੀ ਸਤਿਆ ਦੇਵੀ ਦੇ ਝੂਠ ਦਾ ਭਾਂਡਾ ਉਥੋ ਦੀ ਪੰਚਾਇਤ ਅਤੇ ਪਿੰਡ ਵਾਸੀਆ ਦੀ ਪ੍ਰਸੰਸਾ ਯੋਗ ਸਹਾਇਤਾ ਨਾਲ ਲੋਕ ਕਚਹਿਰੀ ਵਿਚ ਭੰਨਿਆ। ਬੀਬੀ ਸੱਤਿਆ ਨੇ ਭਰੇ ਇਕੱਠ ਵਿਚ ਹੱਥ ਜੋੜ ਕੇ ਮੁਆਫੀ ਮੰਗੀ ਅਤੇ ਅੱਗੇ ਤੋਂ ਅਜਿਹਾਂ ਧੰਦਾ ਨਾ ਕਰਨ ਦੀ ਤੋਬਾ ਵੀ ਕੀਤੀ। ਪਿੰਡ ਦੇ ਸਰਪੰਚ ਸਾਹਿਬ ਨੇ ਸੁਸਾਇਟੀ ਦੇ ਇਸ ਪ੍ਰਗਰਾਮ ਦੀ ਪੁਰ ਜੋਰ ਸਲਾਘਾ ਕੀਤੀ ਇਸ ਇਕੱਠ ਵਿਚ ਜੋ ਮਿਤੀ 7-4-87 ਨੂੰ ਕੀਤਾ ਗਿਆ ਸੀ ਗੜ੍ਹ ਸ਼ੰਕਰ ਇਕਾਈ ਦੇ ਪ੍ਰਧਾਨ ਛਿੰਦਾ ਰਾਏਪੁਰ ਡੱਬਾ ਨੇ ਕੁਝ ਹੱਥ ਫੇਰੀਆ ਵਿਖਾ ਕੇ ਜਨਤਾ ਨੂੰ ਚਕਾਚੌਂਦ ਕਰ



ਦਿੱਤਾ। ਬਾਅਦ ਵਿਚ ਜਿਲਾ ਹੁਸ਼ਿਆਰਪੁਰ ਇਕਾਈ ਦੇ ਕਨਵੀਨਰ ਸਾਥੀ ਤੇਜਪਾਲ ਅਤੇ ਜਿਲਾ ਜਲੰਧਰ ਦੇ ਪ੍ਰਧਾਨ ਸੁਖਦੇਵ ਮਾਹੀ ਨੇ ਸੁਸਾਇਟੀ ਦੇ ਅਸਲੀ ਨਿਸ਼ਾਨ ਤੇ ਰੌਸ਼ਨੀ ਪਾਈ ਅਤੇ ਉਥੋਂ ਦੀ ਪੰਚਾਇਤ ਅਤੇ ਲੋਕਾਂ ਵਲੋਂ ਦਿੱਤੇ ਭਰਵੇਂ ਹੁੰਗਾਰੇ ਦਾ ਧੰਨਵਾਦ ਕੀਤਾ। ਪਿੰਡ ਦੇ ਸਰਪੰਚ ਸਾਹਿਬ ਨੇ ਸੁਸਾਇਟੀ ਨੂੰ ਸੁਝਾਅ ਦਿੱਤਾ ਕਿ ਪੁਛਾਂ ਦੇਣ ਵਾਲੇ ਅਤੇ ਸਾਧਾਂ, ਸੰਤਾਂ ਦਾ ਪਰਦਾ ਫਾਸ਼ ਹਰ ਪਿੰਡ ਵਿਚ ਜਾ ਕੇ ਤਰਤੀਬਵਾਰ ਕੀਤਾ ਜਾਵੇ। ਜੋ ਇਕ ਉਸਾਰੂ ਸੁਝਾਅ ਕਿਹਾ ਜਾ ਸਕਦਾ ਹੈ।

ਵਲੋਂ:— ਸੁਖਦੇਵ ਮਾਹੀ ਜਿਲਾ ਪ੍ਰਧਾਨ ਜਲੰਧਰ

× × ×

## ਰੂਹਾਂ ਦੇ ਕੀਲਣ ਦੇ ਦਾਅਵੇਦਾਰ ਨੇ ਲਿਖਤੀ ਹਾਰ ਮੰਨੀ

ਲੁਧਿਆਣਾ:— ਇਥੋਂ ਕੁਝ ਦੂਰ ਪਿੰਡ ਨੂਰਵਾਲ ਦਾ ਇੱਕ ਪਾਖੰਡੀ-ਜਨ ਮਾਘੀ ਰਾਮ ਪਿਛਲੇ ਲਗਭਗ 10 ਸਾਲਾਂ ਤੋਂ ਭੋਲੇ-ਭਾਲੇ ਲੋਕਾਂ ਨੂੰ ਪੁੱਛਾਂ ਦੇਣ, ਰੂਹਾਂ ਕੀਲਣ ਆਦਿ ਜਿਹੇ ਪਾਖੰਡਾਂ 'ਚ ਪਾ ਕੇ ਵਰਗਲਾਉਂਦਾ ਆ ਰਿਹਾ ਸੀ। ਇਸੇ ਤਰ੍ਹਾਂ ਉਹ ਆਪਣੇ ਦੰਭੀ ਕਾਰਨਾਮੇ ਕਰਨਲਈ ਪਿੰਡ ਨਾਰੰਗਵਾਲ ਵਿਖੇ ਵੀ ਜਾਂਦਾ ਰਹਿੰਦਾ ਸੀ। ਉਥੋਂ ਦੇ ਰੈਸ਼ਨੇਲਿਸਟ ਸੁਸਾਇਟੀ, ਪੰਜਾਬ ਦੇ ਹਮਦਰਦ "ਵਿਗਿਆਨਕ ਵਿਚਾਰ" (ਤਰਕਸ਼ੀਲ) ਮੈਗਜ਼ੀਨ ਦੇ ਪਾਠਕਾਂ ਨੇ ਜਦੋਂ ਉਸਤੋਂ ਗੈਬੀ ਸ਼ਕਤੀਆਂ, ਪੁੱਛਾਂ ਅਤੇ ਰੂਹਾਂ ਕੀਲਣ ਬਾਰੇ ਗਲਬਾਤ ਕੀਤੀ ਅਤੇ ਸੁਸਾਇਟੀ ਵਲੋਂ ਰੱਖਿਆ ਗਿਆ ਇਨਾਮ 10,000 (ਦਸ ਹਜ਼ਾਰ) ਜਿੱਤਣ ਲਈ ਕਿਹਾ ਤਦ ਉਸ ਨੇ ਪਾਠਕਾਂ ਨੂੰ ਕਿਹਾ ਕਿ ਤੁਸੀਂ ਮੇਰੇ ਪਿੰਡ ਨੂਰਵਾਲ 13 ਮਈ ਨੂੰ ਆ ਕੇ ਪਰਖ ਕਰ ਲੈਣਾ। ਉਪਰੋਕਤ ਦੇ ਸਬੰਧ ਵਿੱਚ 9 ਮਈ ਨੂੰ ਲੁਧਿਆਣਾ ਜਿਲਾ ਦੇ ਪ੍ਰਧਾਨ ਦਲਬੀਰ ਸਿੰਘ, ਪਿੰਡ ਨਾਰੰਗਵਾਲ ਦੇ ਪਾਠਕ ਹਮਦਰਦ ਸਾਥੀਆਂ ਸਮੇਤ ਸੁਸਾਇਟੀ ਦਾ ਚਣੌਤੀ ਫਾਰਮ ਪੰਚਾਇਤ ਦੀ ਹਾਜਰੀ 'ਚ ਭਰਵਾ ਕੇ 13 ਮਈ ਦੇ ਸਬੰਧ 'ਚ ਉਸ ਦੇ ਡੇਰੇ ਤੇ ਪਹੁੰਚੇ ਤਾਂ ਪਾਖੰਡੀ ਬਾਬੇ ਨੇ ਲਿਖਤੀ ਹਾਰ ਮੰਨ ਕੇ ਕਿਹਾ ਕਿ ਮੇਰੇ ਪਾਸ ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਨਹੀਂ ਹੈ। ਇਹ ਮੇਰਾ ਸਿਰਫ ਰੋਟੀ-ਰੋਜ਼ੀ ਦਾ ਮਸਲਾ ਹੈ; ਇਸ ਨਾਲ ਲੋਕਾਂ ਨੂੰ ਬੁੱਧੂ ਹੀ ਬਣਾਇਆ ਜਾਂਦਾ ਹੈ। ਪੰਚਾਇਤ ਅਤੇ ਲੋਕਾਂ ਦੀ ਹਾਜ਼ਰੀ 'ਚ ਉਹ ਭਿੱਜੀ-ਬਿੱਲੀ ਵਾਂਗ ਬੈਠਾ ਸੀ।

ਹੱਥ ਫੇਰੀਆਂ

## ਪਾਣੀ ਤੋਂ ਸ਼ਰਾਬ

ਜਾਦੂਗਰ ਨੇ ਪਾਣੀ ਦਾ ਜੱਗ ਮੰਗਵਾਇਆ ਅਤੇ ਉਸ ਨੂੰ ਕੱਚ ਦੇ ਗਿਲਾਸ ਵਿਚ ਪਾ ਦਿਤਾ। ਸਭ ਨੂੰ ਉੱਚਾ ਚੁੱਕ ਕੇ ਦਿਖਾਇਆ ਤੇ ਸਭ ਨੂੰ ਪੁੱਛਿਆ, "ਇਸ ਵਿੱਚ ਕੀ ਏ ?" ਸਭ ਨੇ ਕਿਹਾ "ਪਾਣੀ ਪਾਣੀ..ਪਾਣੀ.।" "ਮੈਨੂੰ ਤੇ ਦਿਸਦਾ ਕਿ ਸ਼ਰਾਬ ਏ।" "ਨਹੀਂ ਪਾਣੀ ਏ-ਪਾਣੀ ਏ —।' ਅਤੇ ਜਾਦੂਗਰ ਨੇ ਗਿਲਾਸ ਨੂੰ ਮੇਜ਼ ਤੇ ਰੱਖ ਦਿੱਤਾ। ਅੱਖਾਂ ਬੰਦ ਕਰ ਲਈਆਂ ਦੇਵੀ ਦਾ ਮੰਤਰ ਪੜ੍ਹਿਆ। ਮੇਜ ਤੇ ਰੱਖੀ ਦੇਵੀ ਦੀ ਤਸਵੀਰ ਤੇ ਹੱਥ ਰੱਖ ਕੇ ਦੇਖਿਆ। 'ਹੇ ਦੇਵੀ ਮਾਂ ! ਮੈਂ ਤੇਰੀ ਸ਼ਕਤੀ ਦੇਖਣੀ ਐ ਤੇ ਸਾਰਿਆ ਨੂੰ ਦਿਖਾਉਣੀ ਐ। ਮੈਂ ਸਾਫ ਪਾਣੀ ਨੂੰ ਸ਼ਰਾਬ ਕਹਿ ਦਿੱਤਾ। ਹੁਣ ਮੇਰੀ ਇਜੱਤ ਦੇ ਲਈ ਇਸ ਨੂੰ ਸ਼ਰਾਬ ਵਿੱਚ ਬਦਲ ਦੇ। ਮੈਂ ਤੇਰਾ 101 ਰੁਪੈ ਦਾ ਰੋਟ ਭੇਟਾ ਕਰੂਗਾ।" ਇਹਨਾਂ ਸ਼ਬਦਾ ਨਾਲ ਉਥੇ ਵਾਤਾਵਰਨ ਰਹਿਸ ਮਈ ਬਣਾ ਗਿਆ। ਸਾਰੇ ਉਸ ਵੱਲ ਡਰੀਆ ਤੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਤੱਕਣ ਲੱਗੇ। ਜਾਦੂਗਰ ਨੇ ਇੱਕ ਉਂਗਲੀ ਨੂੰ ਪਾਣੀ ਵਿੱਚ ਪਾ ਹਿਲਾਇਆ ਤੇ ਪਾਣੀ ਰੰਗ ਬਦਲ ਗਿਆ। ਲਾਲ ਗੁਲਾਬੀ ਹੋ ਗਿਆ। ਸਾਰੇ ਅੰਚਿਭਤ ਹੋ ਗਏ। ਸਭ ਤੇ ਇਹ ਪ੍ਰਭਾਵ ਗਿਆ ਕਿ ਜਾਦੂਗਰ ਨੇ ਜਰੂਰ ਕੋਈ ਗੈਬੀ ਸ਼ਕਤੀ ਵਸ ਵਿੱਚ ਕੀਤੀ ਹੋਈ ਹੈ। ਜਾਦੂਗਰ ਫਿਰ ਚੀਖਿਆ। "ਜਿਸ ਵੀਰ ਭਾਈ ਨੇ ਤਮਾਸ਼ਾ ਦੇਖਿਆ ਉਸ ਕੋਲ ਜੋ ਦੋ ਰੁਪੈ ਹਨ ਤੇ ਨਾ ਦਿੱਤੇ ਤਾਂ ਉਸ ਨੂੰ ਇਥੇ ਦਸ ਕਦਮ ਨਹੀਂ ਤੁਰਨ ਦਿਆਂਗਾ। ਉਸ ਦੀ ਛਾਤੀ ਚੋਂ ਖੂਨ ਕੱਢ ਦਿਆਂਗਾ ਇਹਨਾਂ ਸ਼ਬਦਾਂ ਨਾਲ ਹੋਰ ਰਹਸ ਮਈ ਵਾਤਾਵਰਨ ਬਣ ਗਿਆ ਲੋਕਾਂ ਨੇ ਡਰਦੇ ਮਾਰਿਆਂ ਰੁਪੈ ਕਢਣੇ ਸ਼ੁਰੂ ਕਰ ਦਿੱਤੇ ਰੁਪਿਆਂ ਦਾ ਢੇਰ ਲੱਗ ਗਿਆ।

**ਭੇਦ ਕੀ ਸੀ :** ਗਿਲਾਸ ਵਾਲੇ ਪਾਣੀ ਵਿੱਚ ਪਹਿਲਾਂ ਥੋੜੀ ਮਾਤਰਾ ਵਿੱਚ ਕੱਪੜੇ ਧੋਣ ਵਾਲਾ ਸੋਡਾ ਘੋਲਿਆ ਹੋਇਆ ਸੀ। ਜਿਸਦੀ ਕਿਸੇ ਨੂੰ ਜਾਣਕਾਰੀ ਨਹੀਂ ਸੀ। ਜਾਦੂਗਰ ਦੀ ਉਂਗਲੀ ਨਾਲ ਫਿਨਾਲਫਥਲੀਨ ਲੱਗੀ ਹੋਈ ਸੀ ਜਿਸ ਨੇ ਸੋਡੇ ਨਾਲ ਕ੍ਰਿਆ ਕਰਕੇ ਉਸਦਾ ਰੰਗ ਬਦਲ ਦਿੱਤਾ ਜੋ ਕਿ ਸ਼ਰਾਬ ਵਰਗਾ ਸੀ ਨਾ ਕਿ ਸ਼ਰਾਬ। (ਨੋਟ-ਫਿਨਾਲਫਥਲੀਨ ਹਰ ਸਕੂਲ ਕਾਲਿਜ ਦੀ ਪ੍ਰਯੋਗਸ਼ਾਲਾ ਵਿੱਚ ਮਿਲਣ ਵਾਲਾ ਇੱਕ ਆਮ ਰਸਾਇਣਕ ਪਦਾਰਥ ਹੈ ਜੋ ਇਹ ਪਰਖ ਕਰਨ ਦੇ ਕੰਮ ਆਉਂਦਾ ਹੈ ਕਿ ਕੋਈ ਚੀਜ਼ ਤੇਜ਼ਾਬੀ ਹੈ ਜਾਂ ਖਾਰੀ। ਹਰ ਖਾਰੀ ਘੋਲ ਵਿੱਚ ਇਸ ਦਾ ਰੰਗ ਗੁਲਾਬੀ ਹੋ ਜਾਂਦਾ ਹੈ)

★

(ਸਫਾ 6 ਦੀ ਬਾਕੀ)

ਕਿ ਇਹ ਸਿਰਫ ਲਾਸ਼ ਹੀ ਹੈ ।

ਕਮਲੇਸ਼ ਦੱਤਾ ਜੋ ਉਦੋਂ ਤੱਕ ਚੁਪਚਾਪ ਖੜੀ ਸੀ, ਡਾਕਟਰਾਂ ਵਲੋਂ ਇਹ ਕਹਿਣ ਤੇ ਬੋਲੀ, "ਨਹੀਂ ਐਸਾ ਨਹੀਂ ਹੋ ਸਕਦਾ, ਮੇਰੇ ਪਤੀ ਜ਼ਿੰਦਾ ਹੈਂ, ਗੁਰੂ ਜੀ ਉਨਕਾ ਇਲਾਜ ਕਰ ਰਹੇ ਹੈਂ । ਗੁਰੂ ਕੀ ਕ੍ਰਿਪਾ ਸੇ ਵੋ ਜਲਦੀ ਠੀਕ ਹੋ ਜਾਏਂਗੇ ।"

ਖੈਰ ਲਾਸ਼ ਨੂੰ ਪੋਸਟ ਮਾਰਟਮ ਲਈ P.G I. ਲਿਜਾਇਆ ਗਿਆ । ਇਸ ਉਪਰੰਤ ਚੰਡੀਗੜ੍ਹ ਦੀਆਂ ਸਾਮਾਜਿਕ ਤੇ ਸ਼ਹਿਰੀ ਸੰਸਥਾਵਾਂ ਨੇ ਪ੍ਰਸ਼ਾਸ਼ਨ ਤੇ ਜ਼ੋਰ ਪਾਇਆ ਕਿ ਦੱਤਾ ਨੂੰ ਗ੍ਰਿਫਤਾਰ ਕੀਤਾ ਜਾਵੇ ਭੜਕੇ ਹੋਵੇ ਲੋਕਾਂ ਨੇ ਉਸਦੀ ਕੋਠੀ ਤੇ ਪੱਥਰ ਮਾਰੇ । ਕੌਸ਼ਲ ਨੂੰ ਲੋਕ ਬਾਹਰ ਬੁਲਾਉਣ ਲੱਗੇ ਤਾਂ ਜੋ ਉਸਦਾ ਮੂੰਹ ਕਾਲਾ ਕੀਤਾ ਜਾਵੇ ।

ਪੁਲਿਸ ਇਸ ਬਾਰੇ ਫਿਰ ਦੁਵਿਧਾ ਵਿੱਚ ਸੀ ਕਿ ਕੌਸ਼ਲ ਨੂੰ ਕਿਸ ਦੀ ਸ਼ਕਾਇਤ ਦੇ ਆਧਾਰ ਤੇ ਗ੍ਰਿਫਤਾਰ ਕੀਤਾ ਜਾਵੇ । ਇਸੇ ਦੌਰਾਨ ਦੱਤਾ ਦੇ ਛੋਟੇ ਭਰਾ ਅਨਿਲ ਦੱਤਾ ਨੇ ਪੁਲੀਸ ਕੋਲ ਆਪਣੇ ਭਰਾ ਦੀ ਹੱਤਿਆ ਕੀਤੇ ਜਾਣ ਦਾ ਸੰਦੇਹ ਪ੍ਰਗਟ ਕਰਦੀ ਤਿੰਨ ਸਫਿਆਂ ਦੀ ਸ਼ਕਾਇਤ ਦੇ ਆਧਾਰ ਤੇ 'ਗੁਰੂ' ਕੌਸ਼ਲ ਅਤੇ ਉਸਦੇ ਸਹਿਯੋਗੀਆਂ, ਮਕਾਨ ਮਾਲਕ ਬਲਦੇਵ ਸਿੰਘ ਅਤੇ 'ਉਸਦੀ 64 ਮਹੀਨਿਆਂ ਤੋਂ ਗਰਭਵਤੀ' ਪਤਨੀ ਦਲਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਅਤੇ 17 ਮਈ ਤੱਕ ਦਾ ਪੁਲੀਸ ਰਿਮਾਂਡ ਪ੍ਰਾਪਤ ਕਰ ਲਿਆ ਗਿਆ ।

ਪੁਲੀਸ ਸੂਤਰਾਂ ਮੁਤਾਬਿਕ ਅਮੀਰ ਚੰਦ ਕੌਸ਼ਲ ਨੇ ਉਹਨਾਂ ਸਾਹਮਣੇ ਮੰਨਿਆ ਹੈ ਕਿ ਉਸ ਪਾਸ ਕੋਈ ਸ਼ਕਤੀ ਨਹੀਂ ਹੈ । ਉਸਨੇ ਤਾਂ ਕੇਵਲ ਇੱਕ ਢਕਵੰਜ ਹੀ ਬਣਾਇਆ ਹੋਇਆ ਹੋਇਆ ਸੀ । ਦੱਤਾ ਦੇ ਬਾਰੇ ਵੀ ਕੌਸ਼ਲ ਗੁਰੂ ਦਾ ਇਹੀ ਕਹਿਣਾ ਹੈ ਕਿ ਉਹ ਤਾਂ ਦੋ ਸਾਲ ਪਹਿਲਾ ਹੀ ਮਰ ਗਿਆ ਸੀ । ਉਸ ਦੀ ਖਾਸ ਭਗਤਣੀ ਕਮਲੇਸ਼ ਦਾ ਉਸ ਤੋਂ ਵਿਸ਼ਵਾਸ਼ ਨਾ ਉਠੇ ਇਸੇ ਲਈ ਉਹ ਇਹ ਨਾਟਕ ਖੇਡਦਾ ਰਿਹਾ । ਦਲਜੀਤ ਕੌਰ ਵਿੱਚੋਂ ਵੀ ਆਪਣੇ ਗਰਭਵਤੀ ਹੋਣਦਾ ਭਰਮ ਨਿਕਲ ਗਿਆ ਹੈ । ਪਰ ਬਲਦੇਵ ਸਿੰਘ ਅਤੇ ਦੱਤੇ ਦੀ ਪਤਨੀ ਕਮਲੇਸ਼ ਦਾ ਆਪਣੇ ਗੁਰੂ ਤੇ ਵਿਸ਼ਵਾਸ਼ ਕਾਇਮ ਸੀ ਅਤੇ ਉਹਨਾਂ ਨੂੰ ਅਜੇ ਵੀ ਕਿਸੇ ਚਮਤਕਾਰ ਦੀ ਆਸ ਸੀ । ਪਰ ਇਸ ਬਾਰੇ ਕਮਲੇਸ਼ ਦੀ ਮਾਤਾ ਸ਼੍ਰੀਮਤੀ ਵਿਮਲਾ ਬਾਲੀ ਦੀ ਟਿਪਣੀ ਧਿਆਨਯੋਗ ਹੈ ਕਿ 'ਜੇ ਗੁਰੂ ਵਿੱਚ ਐਨੀ ਹੀ ਸ਼ਕਤੀ ਹੈ ਤਾਂ ਉਹ ਪਹਿਲਾਂ ਆਪਣੇ ਆਪ ਨੂੰ ਪੁਲਿਸ ਦੀ ਮਾਰ ਅਤੇ ਜ਼ਲਾਲਤ ਤੋਂ ਤਾਂ ਬਚਾ ਲੈਂਦਾ ।'

## ਦਾਲ ਵਿੱਚ ਕੁਝ ਕਾਲਾ ਵੀ ਹੈ ;

ਚਾਹੇ ਸਾਰੇ ਘਟਨਾ-ਚੱਕਰ ਨੂੰ ਆਮ ਰੂਪ ਵਿੱਚ ਦੇਖਿਆਂ ਇਉਂ ਹੀ ਲਗਦਾ ਹੈ ਕਿ ਉਹ ਕੇਵਲ ਕਮਲੇਸ਼ ਦਾ ਭਰਮ ਬਣਾਈ ਰੱਖਣ ਲਈ ਹੀ ਇਹ ਕਹਿੰਦਾ ਰਿਹਾ ਕਿ ਇੱਕ ਦਿਨ ਦੱਤਾ ਜੀ ਉਠੇਗਾ (ਜਿਵੇਂ ਕਿ ਉਸਨੇ ਆਪਣੇ ਮੂੰਹੋਂ ਵੀ ਮੰਨਿਆ ਹੈ ।) ਪਰ ਅੰਧ-ਵਿਸ਼ਵਾਸ ਅਤੇ ਮੂਰਖਤਾ ਦੀ ਵੀ ਆਖਿਰ ਹੱਦ ਹੁੰਦੀ ਹੈ ਅਤੇ ਇਹ ਸਾਰਾ ਕੇਸ ਉਸ ਹੱਦ ਤੋਂ ਅਗਾਂਹ ਦੀ ਗੱਲ ਜਾਪਦਾ ਹੈ । ਸੋ ਇਸ ਸਾਰੇ ਕੇਸ ਪਿਛੇ ਕੋਈ ਹੋਰ ਚੱਕਰ ਵੀ ਹੋਣ ਦੀ ਵੀ ਸੰਭਾਵਨਾ ਹੈ ਜਿਸ ਬਾਰੇ ਬਲਦੇਵ ਸਿੰਘ ਦੇ ਨੌਕਰ ਜੋ ਲਾਲ ਤੋਂ ਕੁਝ ਸੰਕੇਤ ਮਿਲੇ ਹਨ ।

ਨੌਕਰ ਮੁਤਾਬਿਕ 15 ਜੁਲਾਈ 85 ਨੂੰ ਦੱਤਾ ਨੂੰ ਗਰਦਨ ਦੇ ਫੋੜੇ ਕਾਰਣ ਕੁਝ ਤਕਲੀਫ ਸੀ ਜਿਸਦੇ ਲਈ ਗੁਰੂ ਕੌਸ਼ਲ ਨੇ ਇੱਕ ਇਲਾਇਚੀ ਭੇਜੀ । ਕਮਲੇਸ਼ ਨੇ ਰਾਤ ਨੂੰ ਉਹ ਇਲਾਇਚੀ ਦੁੱਧ ਵਿੱਚ ਉਬਾਲੀ ਅਤੇ ਦੁੱਧ ਸ੍ਰੀ ਦੱਤਾ ਨੂੰ ਪਿਆ ਦਿੱਤਾ । ਉਸੇ ਰਾਤ ਸੁਬ੍ਹਾ ਚਾਰ ਵਜੇ ਬਲਦੇਵ ਸਿੰਘ ਨੇ ਜੋ ਲਾਲ ਨੂੰ ਜਗਾਇਆ ਤਾਂ ਉਸਨੇ ਵੇਖਿਆ ਕਿ ਦੱਤਾ ਦਾ ਚਿਹਰਾ ਕਾਲਾ ਪੈ ਗਿਆ ਸੀ । ਉਸਦੀ ਹਾਲਤ ਬਹੁਤ ਖਰਾਬ ਹੋ ਰਹੀ ਸੀ । ਪਰ ਜੋ ਲਾਲ ਦੇ ਕਹਿਣ ਤੇ ਵੀ ਬਲਦੇਵ ਸਿੰਘ ਨੇ ਡਾਕਟਰ ਨੂੰ ਨਹੀਂ ਬੁਲਾਇਆ ।

ਜੋ ਲਾਲ ਮੁਤਾਬਿਕ ਹੀ ਉਸਨੂੰ ਦੱਤਾ ਦੇ ਕਮਰੇ ਵਿੱਚ ਜਾਣ ਨਹੀਂ ਸੀ ਦਿੱਤਾ ਜਾਂਦਾ । ਉਥੋਂ ਬਦਬੂ ਆਇਆ ਕਰਦੀ ਸੀ । ਉਹਨਾਂ ਦਿਨਾਂ ਵਿੱਚ ਬਲਦੇਵ ਸਿੰਘ ਦੇ ਕੁਝ ਗੁਆਂਢੀਆਂ ਨੇ ਵੀ ਬਦਬੂ ਦੀ ਸ਼ਕਾਇਤ ਕੀਤੀ ਸੀ । ਹੌਲੀ ਹੌਲੀ ਬਦਬੂ ਘਟ ਗਈ ।

ਇਸੇ ਤਰ੍ਹਾਂ ਦੱਤਾ ਦੀ ਪਤਨੀ ਕਮਲੇਸ਼ ਵਲੋਂ ਉਸਦੇ ਸਸਕਾਰ ਦੇ ਮੌਕੇ ਤੇ ਵੀ ਕੋਈ ਦੁੱਖ ਦਾ ਨਿਸ਼ਾਨ ਚਿਹਰੇ ਤੇ ਲਿਆਉਣਾ, ਬਿੰਦੀ ਲਾ ਕੇ ਅਤੇ ਰੰਗਦਾਰ ਕਪੜੇ ਪਹਿਨ ਕੇ ਜਾਣਾ ਵੀ ਇਸੇ ਸ਼ੰਕੇ ਨੂੰ ਬਲ ਬਖਸ਼ਦੇ ਹਨ ਕਿ ਮਾਮਲਾ ਕਤਲ ਦਾ ਵੀ ਹੋ ਸਕਦਾ ਹੈ । ਹਿਮਾਚਲ C.I.D ਮੁਤਾਬਿਕ ਵੀ ਇਹ ਕੇਵਲ ਤਾਂਤਰਿਕ ਤਜਰਬਾ ਨਹੀਂ ਸੀ ਸਗੋਂ ਕੋਈ ਖਤਰਨਾਕ ਜੁਰਮ ਕੀਤਾ ਗਿਆ ਸੀ ।



## ਗੁਰੂ ਕੌਸ਼ਲ ਦੇ ਕੁਝ ਹੋਰ ਕਾਰਨਾਮੇ ;

ਸਿਰਫ ਦੱਤਾ ਪਰਿਵਾਰ ਹੀ ਨਹੀਂ, ਕੌਸ਼ਲ ਨੇ ਹੋਰ ਵੀ ਬਹੁਤ ਸਾਰੇ ਪਰਿਵਾਰਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕੀਤੀ ਅਤੇ ਉਹਨਾਂ ਨੂੰ ਬਰਬਾਦ ਕੀਤਾ । ਜਿਵੇਂ ਪੰਜਾਬ ਯੂਨੀਵਰਸਿਟੀ ਦੇ ਇੱਕ ਕਰਮਚਾਰੀ ਦਿਨੇਸ਼ ਕੁਮਾਰ ਦੇ ਤਿੰਨ ਮਹੀਨੇ ਦੇ ਬੱਚੇ ਦਾ ਪੀ. ਜੀ. ਆਈ. ਇਲਾਜ ਚੱਲ ਰਿਹਾ ਸੀ । ਇਸ ਦੌਰਾਨ ਉਸਦਾ ਸੰਪਰਕ ਕੌਸ਼ਲ ਦੇ ਇੱਕ ਚੇਲੇ ਨਾਲ ਹੋ ਗਿਆ । ਉਹ ਉਸਨੂੰ ਕੌਸ਼ਲ ਕੋਲ ਲੈ ਗਿਆ । ਕੌਸ਼ਲ ਨੇ 12000 ਦੀਆਂ ਦਵਾਈਆਂ-ਟੀਕੇ ਅਤੇ ਧਾਰਮਿਕ ਤਸਵੀਰਾਂ ਘਰੋਂ ਬਾਹਰ ਸਿਟਵਾ ਦਿੱਤੀਆਂ ਅਤੇ ਦਾਹਵਾ ਕੀਤਾ ਕਿ ਉਹ ਉਹਨਾਂ ਦੇ ਬੱਚੇ ਦਾ ਬਿਨਾਂ ਦੁਆਈ ਤੋਂ ਇਲਾਜ ਕਰ ਦੇਵੇਗਾ ਬੱਚਾ 80 ਸਾਲ ਤੀਕ ਲੰਬੀ ਉਮਰ ਜੀਵੇਗਾ । ਪਰ ਬੱਚਾ ਕੁਝ ਦਿਨਾਂ ਬਾਅਦ ਇਲਾਜ ਖੁਣੋਂ ਮਰ ਗਿਆ ।

ਇਸੇ ਤਰ੍ਹਾਂ ਤੀਹ ਵਰੇ ਦੇ ਡਾ. ਤਰੁਣ ਕੁਮਾਰ ਨੂੰ ਮਾਰਚ 1985 ਵਿੱਚ ਕੈਂਸਰ ਹੋ ਗਿਆ ਜਿਸਦਾ ਇਲਾਜ ਪੀ. ਜੀ. ਆਈ ਵਿਚੋਂ ਠੀਕ ਠਾਕ ਹੋ ਰਿਹਾ ਸੀ । ਉਸਦਾ ਪਿਤਾ ਵੀ ਕੌਸ਼ਲ ਦੇ ਚੁੰਗਲ ਵਿੱਚ ਫਸ ਗਿਆ । ਉਸ਼ਦੀਆਂ ਇਲਾਇਚੀਆਂ ਨੇ ਉਸਨੂੰ 4 ਜਨਵਰੀ ਨੂੰ ਸਦਾ ਲਈ ਚਲਦਾ ਕਰ ਦਿੱਤਾ ।

ਇਸੇ ਤਰ੍ਹਾਂ ਮੋਰਿੰਡੇ ਦੇ ਇੱਕ ਸਨਆਤਕਾਰ ਅਵਤਾਰ ਸਿੰਘ ਨੂੰ ਵੀ ਉਸਨੇ ਦੀਵਾਲੀਆ ਹੋਣ ਦੇ ਕੰਢੇ ਕੀਤਾ ਹੋਇਆ ਹੈ । ਖੁਦ ਗੁਰੂ ਕੌਸ਼ਲ ਆਪਣੇ ਇਸ ਅਧਿਆਤਮਵਾਦੀ ਇਲਾਜ਼ ਬਦਲੇ ਵੱਡੀ ਮਾਤਰਾ ਵਿੱਚ ਰਕਮਾਂ ਤੇ ਮਹਿੰਗੇ ਤੋਹਫੇ ਵਸੂਲਦਾ ਸੀ । ਜਿੰਨਾਂ ਵਿੱਚ ਮਾਰੂਤੀ ਕਾਰਾਂ ਤੱਕ ਸ਼ਾਮਲ ਹਨ । ਦੱਤਾ ਦੀ ਪਤਨੀ ਤੋਂ ਹੀ 40,000 ਰੁਪਏ ਉਸਦੇ ਗਹਿਣੇ ਵੇਚ ਕੇ ਲਏ ਸਨ । 'ਗੁਰੂ' ਕੌਸ਼ਲ ਜੋ ਕਿੱਤੇ ਵਜੋਂ ਅਧਿਆਪਕ ਸੀ ਨੂੰ ਆਮ ਹਾਲਤ 'ਚ ਸਾਧਾਰਣ ਘਰ ਜੁੜਨਾ ਵੀ ਮੁਸ਼ਕਿਲ ਸੀ ਪਰ ਗੁਰੂ ਦੀ ਹੈਸੀਅਤ ਵਿੱਚ ਉਸਨੇ ਆਲੀਸ਼ਾਨ ਬੰਗਲੇ ਵਿੱਚ ਰਿਹਾਇਸ਼ ਰੱਖੀ ਹੋਈ ਸੀ ।

ਇਸ ਕੇਸ ਤੋਂ ਰੈਸ਼ਨਲਿਸਟ ਸੋਸਾਇਟੀ ਪੰਜਾਬ ਵਲੋਂ ਸਮੇਂ ਸਮੇਂ ਤੇ ਦਿੱਤੀ ਜਾਂਦੀ ਇਸ ਚਿਤਾਵਨੀ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ ਕਿ ਇਹੋ ਜਿਹੇ ਪਖੰਡੀਆਂ ਵਲੋਂ ਨਾ ਸਿਰਫ ਸਾਧਾਰਣ ਲੋਕਾਂ ਦੀ ਪੈਸੇ ਧੇਲੇ ਦੀ ਲੁੱਟ ਹੀ ਕੀਤੀ ਜਾਂਦੀ ਹੈ ਸਗੋਂ ਆਪਣੇ ਅਧਿਆਤਮਵਾਦੀ ਬੁਰਕਿਆਂ ਥੱਲੇ ਗੰਭੀਰ ਅਪਰਾਧ ਵੀ ਕੀਤੇ ਜਾਂਦੇ ਹਨ । ਲੋੜ ਹੈ ਇਹਨਾਂ ਨੂੰ ਪਛਾਨਣ ਦੀ ਅਤੇ ਇਹਨਾਂ ਤੋਂ ਸੁਚੇਤ ਰਹਿਣ ਦੀ ਨਹੀਂ ਤਾਂ 'ਇਹਨਾਂ ਦੇ ਚੱਟੇ ਹਰੇ ਨਹੀਂ ਹੁੰਦੇ ।'

**

---

ਦੋ ਮਾਸਿਕ

## ਵਿਗਿਆਨਕ ਵਿਚਾਰ

ਮਾਲਕੀ ਸਬੰਧੀ ਬਿਆਨ

| | | |
|---|---|---|
| 1 | ਪ੍ਰਕਾਸ਼ਨ ਸਥਾਨ | — ਸੀਹਾਂ ਦੋਦ (ਜ਼ਿਲ੍ਹਾ ਲੁਧਿਆਣਾ) |
| 2 | ਪ੍ਰਕਾਸ਼ਨ ਕਾਲ | — ਦੋ ਮਾਸਿਕ |
| 3 | ਸੰਪਾਦਕ | — ਰਾਜਪਾਲ ਸਿੰਘ |
| | ਕੌਮੀਅਤ | — ਭਾਰਤੀ |
| | ਪਤਾ | — ਹਰੀ ਨੌ ਰੋਡ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ |
| 4 | ਪਰਕਾਸਕ | — ਅਮੀਰਜੀਤ ਸਿੰਘ |
| | ਕੌਮੀਅਤ | — ਭਾਰਤੀ |
| | ਪਤਾ | — V. P O. ਸੀਹਾਂ ਦੋਦ ਜ਼ਿਲ੍ਹਾ ਲੁਧਿਆਣਾ |
| 5 | ਮਾਲਕ | — ਅਮੀਰਜੀਤ ਸਿੰਘ |
| | ਕੌਮੀਅਤ | — ਭਾਰਤੀ |
| | ਪਤਾ | — V. P O. ਸੀਹਾਂ ਦੋਦ ਜ਼ਿਲ੍ਹਾ ਲੁਧਿਆਣਾ |

ਮੈਂ ਅਮੀਰਜੀਤ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਿੱਤਾ ਵੇਰਵਾ ਮੇਰੀ ਜਾਣਕਾਰੀ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ ।

ਮਿਤੀ 1-7-87 ਮਾਲਕ ਤੇ ਪਰਕਾਸ਼ਕ ਦੇ ਦਸਤਖਤ

ਅਮੀਰਜੀਤ ਸਿੰਘ

# ਸ਼ੰਕਾ ਨਵਿਰਤੀ

## ਸਫ਼ਰ ਦਾ ਸਸਤਾ ਢੰਗ !

? ਧਰਤੀ ਆਪਣੇ ਧੁਰੇ ਦੁਆਲੇ 24 ਘੰਟੇ ਵਿੱਚ ਇੱਕ ਚੱਕਰ ਲਗਾ ਦਿੰਦੀ ਹੈ, ਪਰ ਜੇ ਅਸੀਂ ਇੱਕ ਹੈਲੀਕਾਪਟਰ ਨੂੰ ਧਰਤੀ ਤੋਂ 100 ਗਜ਼ ਉਪਰ ਖੜਾ ਦੇਈਏ ਤਾਂ ਸਾਰੀ ਧਰਤੀ ਦਾ 24 ਘੰਟੇ ਵਿੱਚ ਆਪਣੇ ਆਪ ਹੀ ਚੱਕਰ ਨਹੀਂ ਲਗਦਾ, ਕਿਉਂ ?

ਗੁਰਮੁਖਸਿੰਘ ਮਠਾੜੂ
ਪਿੰਡ ਮੰਢਾਲੀ 'ਬਠਿੰਡਾ)

—ਸਵਾਲ ਸਚਮੁੱਚ ਹੀ ਦਿਲਚਸਪ ਹੈ। ਜੇ ਇਉਂ ਹੋ ਸਕਦਾ ਹੁੰਦਾ ਤਾਂ ਸਾਡੇ ਲਈ ਪੂਰਬ-ਪੱਛਮ ਦਿਸ਼ਾ ਵਿੱਚ ਸਫਰ ਕਰਨਾ ਖਾਸ ਕਰਕੇ ਪੱਛਮ ਵੱਲ ਤਾਂ ਬਹੁਤ ਹੀ ਆਸਾਨ ਹੋਣਾ ਸੀ। ਬੱਸ ਕਿਸੇ ਢੰਗ ਨਾਲ ਕੁਝ ਦੇਰ ਹਵਾ ਵਿੱਚ ਲਟਕਣ ਦੀ ਲੋੜ ਹੈ ਤੇ ਧਰਤੀ ਤੁਹਾਡੇ ਹੇਠੋਂ ਪੱਛਮ ਤੋਂ ਪੂਰਬ ਵੱਲ ਨੂੰ ਘੁੰਮਦੀ ਹੋਈ ਚਲੀ ਜਾਵੇਗੀ ਅਤੇ ਆਪਣੀ ਮਨ ਪਸੰਦ ਜਗ੍ਹਾ ਆਉਣ 'ਤੇ ਤੁਸੀਂ ਥੱਲੇ ਉਤਰ ਸਕਦੇ ਹੋ। ਅਤੇ ਅਸੀਂ ਜਾਣਦੇ ਹਾਂ ਕਿ ਧਰਤੀ ਦੀ ਘੁੰਮਣ ਦੀ ਰਫਤਾਰ ਵੀ ਕਾਫੀ ਤੇਜ਼ ਹੈ ਸੋ ਯਾਤਰਾ ਸਸਤੀ ਹੋਣ ਦੇ ਨਾਲ ਨਾਲ ਤੇਜ਼ ਵੀ ਹੋਵੇਗੀ।

ਇਹ ਸਵਾਲ ਪਹਿਲਾਂ ਵੀ ਲੋਕਾਂ ਦੇ ਮਨਾਂ ਵਿੱਚ ਆਉਂਦਾ ਰਿਹਾ ਹੈ ਜਿਵੇਂ ਇਸੇ ਤਰਾਂ ਦੀ ਇੱਕ ਘਟਨਾ ਦੀ ਕਲਪਣਾ ਫਰਾਂਸੀਸੀ ਹਾਸ-ਲੇਖਕ ਸੀਰਾਨੋ ਦਾ ਬਰਗਰਾ ਨੇ 1652 ਵਿੱਚ ਛਾਪੀ ਆਪਣੀ ਇੱਕ ਰਚਨਾ ਵਿੱਚ ਵੀ ਕੀਤੀ ਹੈ। ਇਸ ਵਿੱਚ ਉਹ ਕਹਿੰਦਾ ਹੈ ਕਿ ਹਵਾ ਵਿੱਚ ਕੁਝ ਘੰਟੇ ਲਟਕਣ ਤੋਂ ਬਾਅਦ ਜਦ ਉਹ ਥੱਲੇ ਉਤਰਿਆ ਤਾਂ ਉਹ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਹ ਆਪਣੀ ਮਾਤ ਭੂਮੀ ਫਰਾਂਸ ਵਿੱਚ ਨਹੀਂ ਸਗੋਂ ਅੰਧ ਮਹਾਂ ਸਾਗਰ ਦੇ ਦੂਸਰੇ ਪਾਰ ਕੈਨੇਡਾ ਵਿੱਚ ਪਹੁੰਚ ਚੁੱਕਾ ਸੀ। ਉਸਨੇ ਵੀ ਇਸਦਾ ਕਾਰਣ ਇਹੀ ਦਸਿਆ ਕਿ ਜਦੋਂ ਉਹ ਹਵਾ ਵਿੱਚ ਲਟਕ ਰਿਹਾ ਸੀ ਤਾਂ ਧਰਤੀ ਉਹਦੇ ਹੇਠਾਂ ਪੂਰਬ ਵੱਲ ਭੌਂਦੀ ਰਹੀ ਅਤੇ ਇਸ ਤਰਾਂ ਉਹ ਪੱਛਮੀ ਦੇਸ਼ ਕੈਨੇਡਾ ਵਿੱਚ ਜਾ ਪਹੁੰਚਿਆ।

ਪਰ ਅਸੀਂ ਜਾਣਦੇ ਹਾਂ ਕਿ ਇਸ ਤਰਾਂ ਨਹੀਂ ਹੁੰਦਾ ਜੇ ਇਉਂ ਹੋ ਸਕਦਾ ਹੁੰਦਾ ਤਾਂ ਤੁਹਾਡੇ ਵਲੋਂ ਉਪਰ ਵੱਲ ਸੁੱਟੀ ਗੇਂਦ ਦੇ ਵਾਪਸ ਧਰਤੀ ਤੱਕ ਮੁੜਨ ਤੀਕ ਧਰਤੀ ਕਈ ਕਿਲੋਮੀਟਰ ਘੁੰਮ ਚੁੱਕੀ ਹੁੰਦੀ ਅਤੇ ਗੇਂਦ ਤੁਹਾਡੇ ਹੱਥਾਂ ਵਿੱਚ ਮੁੜਨ ਦੀ ਬਜਾਏ ਕਈ ਕਿਲੋਮੀਟਰ ਦੂਰ ਕਿਸੇ ਹੋਰ ਦੇ ਸਿਰ ਵਿੱਚ ਜਾ ਵਜਦੀ।

ਆਓ ਹੁਣ ਵੇਖੀਏ ਕਿ ਇੰਜ ਕਿਉਂ ਨਹੀਂ ਹੁੰਦਾ ?

ਧਰਤੀ ਆਪਣੇ ਧੁਰੇ ਦੁਆਲੇ ਜਿਸ ਰਫਤਾਰ ਨਾਲ ਘੁੰਮ ਰਹੀ ਹੈ ਇਸਦੇ ਨਾਲ ਹੀ ਇਸ ਉਪਰ ਸਾਰੀਆਂ ਵਸਤੂਆਂ, ਮਕਾਨ, ਦਰਖਤ, ਜੀਵ ਜੰਤੂ ਅਤੇ ਇਸਦਾ ਵਾਯੂ ਮੰਡਲ ਵੀ ਇਸੇ ਰਫਤਾਰ ਨਾਲ ਘੁੰਮ ਰਹੇ ਹਨ ਪ੍ਰੰਤੂ ਸਾਨੂੰ ਇਹ ਸਾਰਾ ਕੁਝ ਐਨੀ ਤੇਜ਼ੀ ਨਾਲ ਘੁੰਮਦਾ ਨਜ਼ਰ ਨਹੀਂ ਆਉਂਦਾ ਕਿਉਂਕਿ ਅਸੀਂ ਖੁਦ ਵੀ ਉਸੇ ਰਫਤਾਰ ਨਾਲ ਘੁੰਮ ਰਹੇ ਹੁੰਦੇ ਹਾਂ। ਅਸਲ ਵਿੱਚ ਦੁਨੀਆਂ ਦੀ ਹਰ ਚੀਜ਼ ਗਤੀ ਵਿੱਚ ਹੈ। ਗਤੀ ਪਦਾਰਥ ਦਾ ਇੱਕ ਲਾਜ਼ਮੀ ਗੁਣ ਹੈ। ਕੋਈ ਵੀ ਵਸਤੂ ਕਦੇ ਵੀ ਪੂਰਨ ਤੌਰ ਤੇ (Absolutely) ਸਥਿਰ ਨਹੀਂ ਹੁੰਦੀ। ਫਿਰ ਅਸੀਂ ਇਹ ਕਿਉਂ ਕਹਿੰਦੇ ਹਾਂ ਕਿ ਇਹ ਚੀਜ਼ ਖੜੀ ਹੈ ਜਾਂ ਸਥਿਰ ਹੈ ? ਇਸਨੂੰ ਸਮਝਣ ਲਈ ਸਾਨੂੰ ਗਤੀ ਅਤੇ ਸਥਿਰਤਾ ਦੀ ਵਿਗਿਆਨਕ ਪ੍ਰੀਭਾਸ਼ਾ ਨੂੰ ਧਿਆਨ ਵਿੱਚ ਰਖਣਾ ਪਵੇਗਾ, ਜਿਸ ਮੁਤਾਬਿਕ 'ਕਿਸੇ ਵਸਤੂ ਨੂੰ ਗਤੀ ਵਿੱਚ ਕਿਹਾ ਜਾਂਦਾ ਹੈ ਜਦ ਉਹ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਦੀ ਨਿਸਬਿਤ ਆਪਣੀ ਜਗ੍ਹਾ ਬਦਲੇ' ਅਤੇ 'ਕਿਸੇ ਵਸਤੂ ਨੂੰ ਸਥਿਰ ਕਿਹਾ ਜਾਂਦਾ ਹੈ ਜਦ ਉਹ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਦੀ ਨਿਸਬਿਤ ਆਪਣੀ ਜਗ੍ਹਾ ਨਾ ਬਦਲੇ।' ਜ਼ਮੀਨ ਉਪਰ ਖੜਾ ਹੈਲੀਕਾਪਟਰ ਵੀ ਧਰਤੀ ਦੀ ਚਾਲ ਨਾਲ ਘੁੰਮ ਰਿਹਾ ਹੁੰਦਾ ਹੈ ਅਤੇ ਜਦ ਅਸੀਂ ਧਰਤੀ ਤੋਂ ਕੁਝ ਉਚਾਈ ਤੇ ਹੈਲੀਕਾਪਟਰ ਨੂੰ 'ਖੜਾ' ਦੇਖਦੇ ਹਾਂ ਤਦ ਵੀ ਇਹ ਜ਼ਮੀਨ ਦੀ ਗਤੀ ਦੇ ਨਾਲ ਨਾਲ ਘੁੰਮ ਰਿਹਾ ਹੁੰਦਾ ਹੈ। ਸਾਨੂੰ ਇਹ ਸਥਿਰ ਇਸ ਕਰਕੇ ਹੀ ਜਾਪਦਾ ਹੈ ਕਿਉਂਕਿ ਇਹ ਸਾਡੀ ਨਿਸਬਿਤ ਆਪਣੀ ਜਗ੍ਹਾ ਨਹੀਂ



ਬਦਲ ਰਿਹਾ ਹੁੰਦਾ।

ਇਸ ਨੂੰ ਕੁਝ ਹੋਰ ਸਪਸ਼ਟ ਕਰਨ ਲਈ ਅਸੀਂ ਚਲ ਰਹੀ ਰੇਲ ਗੱਡੀ ਦੀ ਉਦਾਹਰਣ ਲੈ ਸਕਦੇ ਹਾਂ ਕਿ ਇਸ ਵਿੱਚ ਬੈਠੇ ਮੁਸਾਫਿਰ ਸਥਿਰ ਬੈਠੇ ਜਾਪਦੇ ਹਨ ਹਾਲਾਂ ਕਿ ਉਹ ਗੱਡੀ ਦੀ ਰਫਤਾਰ ਨਾਲ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾ ਰਹੇ ਹੁੰਦੇ ਹਨ। ਹੈਲੀਕਾਪਟਰ ਨਾਲ ਤੁਲਨਾ ਲਈ ਅਸੀਂ ਗੱਡੀ ਵਿੱਚ ਉਡਦੀ ਮੱਖੀ ਆਦਿ ਦੀ ਉਦਾਹਰਣ ਲੈ ਸਕਦੇ ਹਾਂ। ਇਹ ਨਹੀਂ ਹੁੰਦਾ ਕਿ ਗੱਡੀ ਵਿੱਚ ਮੱਖੀ ਦੇ ਉਡਾਰੀ ਮਾਰਨ ਤੇ ਗੱਡੀ ਉਸਦੇ ਹੇਠੋਂ ਅੱਗੇ ਨਿਕਲ ਜਾਵੇ ਤੇ ਮੱਖੀ ਡੱਬੇ ਦੀ ਪਿਛਲੀ ਦੀਵਾਰ ਨਾਲ ਜਾ ਵੱਜੇ। ਇਸਦਾ ਕਾਰਣ ਵੀ ਇਹੀ ਹੈ ਕਿ ਮੱਖੀ ਉਡਣ ਤੋਂ ਪਹਿਲਾਂ ਅਤੇ ਉਡਣ ਸਮੇਂ ਵੀ ਗੱਡੀ ਦੀ ਰਫਤਾਰ ਨਾਲ ਤਾਂ ਚਲ ਹੀ ਰਹੀ ਹੁੰਦੀ ਹੈ। ਉਡਾਰੀ ਦੌਰਾਨ ਉਹ ਜੋ ਜਗ੍ਹਾਂ ਬਦਲਦੀ ਹੈ ਤ੍ਰੇਹ ਰੇਲ ਗੱਡੀ ਦੀ ਨਿਸਬਿਤ ਹੀ ਬਦਲਦੀ ਹੈ ਨਾ ਕਿ ਧਰਤੀ ਦੀ ਨਿਸਬਿਤ।

ਧਰਤੀ ਦੀ ਨਿਸਬਿਤ ਹੈਲੀਕਾਪਟਰ ਨੂੰ 'ਸਥਿਰ' ਕਰਨਾ ਕੋਈ ਐਨਾ ਸੌਖਾ ਕੰਮ ਨਹੀਂ। ਤੇਜ਼ ਚਲਦੀ ਗੱਡੀ ਵਿਚੋਂ ਹੀ ਬਾਹਰ ਨਿਕਲ ਕੇ 'ਸਥਿਰ' ਹੋਣਾ ਕਿੰਨਾ ਕੁ ਸੌਖਾ ਹੈ ਇਸਦਾ ਤਜਰਬਾ ਤਾਂ ਚਲਦੀ ਗੱਡੀ ਵਿਚੋਂ ਛਾਲ ਮਾਰ ਕੇ ਕੀਤਾ ਜਾ ਸਕਦਾ ਹੈ, ਅਤੇ ਧਰਤੀ ਤਾਂ ਗੱਡੀ ਨਾਲੋਂ ਕਿਤੇ ਜਿਆਦਾ ਚਾਲ ਨਾਲ ਘੁੰਮਦੀ ਹੈ। ਸੋ ਅਸਲ ਵਿੱਚ ਧਰਤੀ ਦੀ ਨਿਸਬਿਤ ਕਿਸੇ ਹੈਲੀਕਾਪਟਰ ਜਾਂ ਜਹਾਜ਼ ਨੂੰ ਸਥਿਰ ਕਰਨ ਦਾ ਮਤਲਬ ਤਾਂ ਇਸਨੂੰ ਉਸ ਸਥਾਨ ਤੇ ਧਰਤੀ ਜਿੰਨੀ ਤੇਜ਼ੀ ਨਾਲ ਘੁੰਮ ਰਹੀ ਹੈ ਉਤਨੀ ਹੀ ਗਤੀ ਨਾਲ ਉਲਟ ਦਿਸ਼ਾ (ਪੂਰਬ ਤੋਂ ਪੱਛਮ ਵੱਲ) ਵਿੱਚ ਚਲਾਉਣਾ ਹੋਵੇਗਾ। ਪਰ ਫਿਰ ਵੀ ਇਹ ਨਾ ਸਮਝਣਾ ਕਿ ਹੈਲੀਕਾਪਟਰ ਨੂੰ ਪੂਰਨ ਤੌਰ ਤੇ 'ਸਥਿਰ' ਕਰ ਲਿਆ ਹੈ ਕਿਉਂ ਕਿ ਉਹ ਧਰਤੀ ਦੇ ਨਾਲ ਨਾਲ ਸੂਰਜ ਦੇ ਗਿਰਦ ਤਾਂ ਚੱਕਰ ਲਗਾ ਹੀ ਰਿਹਾ ਹੋਵੇਗਾ ਅਤੇ ਫਿਰ ਸਾਡਾ ਸੂਰਜ ਸਮੇਤ ਸਾਰੇ ਸੂਰਜ-ਮੰਡਲ ਦੀ ਤਾਂ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ। ਸੋ ਹੈਲੀਕਾਪਟਰ ਉਪਰ ਉਠਕੇ 'ਖੜਾ' ਹੋਣ ਨਾਲ ਹੀ ਸਥਿਰ ਨਹੀਂ ਹੋ ਜਾਂਦਾ। ਤਦ ਇਸਦੀ ਸਥਿਰਤਾ ਕੇਵਲ ਸਾਡੀ ਨਿਸਬਿਤ ਹੀ ਹੁੰਦੀ ਹੈ ਨਾ ਕਿ ਧਰਤੀ ਦੀ ਨਿਸਬਿਤ।

## ਇੱਕ ਸ਼ੰਕਾ ਪਾਠਕਾਂ ਲਈ

ਅਸੀਂ ਉਪਰ ਲਿਖਿਆ ਹੈ ਕਿ 'ਉਸ ਸਥਾਨ ਤੇ ਧਰਤੀ ਜਿੰਨੀ ਤੇਜ਼ੀ ਨਾਲ ਘੁੰਮ ਰਹੀ ਹੈ'। ਧਰਤੀ ਆਪਣੀ ਧੁਰੀ ਦੁਆਲੇ ਘੁੰਮ ਰਹੀ ਹੈ। ਪਰ ਕੀ ਧਰਤੀ ਉਪਰ ਵੱਖ ਵੱਖ ਸਥਾਨਾਂ ਦੀ ਘੁੰਮਣ ਦੀ ਚਾਲ ਵੱਖ ਵੱਖ ਹੈ ? ਇਸਦਾ ਜਵਾਬ ਹਾਂ ਵਿੱਚ ਹੈ। ਅਸੀਂ ਪੰਜਾਬ ਦੇ ਲੋਕ ਮਾਸਕੋ ਜਾਂ ਲੰਦਨ ਵਿੱਚ ਰਹਿਣ ਵਾਲੇ ਕਿਸੇ ਵਿਅਕਤੀ ਨਾਲੋਂ ਵੱਧ ਚਾਲ (Speed) ਨਾਲ ਧਰਤੀ ਦੁਆਲੇ ਘੁੰਮ ਰਹੇ ਹਾਂ। ਅਜਿਹਾ ਕਿਉਂ ਹੈ ? ਪਾਠਕਾਂ, ਖਾਸ ਕਰ ਵਿਗਿਆਨ ਦੇ ਵਿਦਿਆਰਥੀਆਂ ਨੂੰ ਇਸਦਾ ਜਵਾਬ 10 ਅਗਸਤ ਤੱਕ ਦੇਣ ਲਈ ਖੁਲ੍ਹਾ ਸੱਦਾ ਹੈ।

## ਧਰੂ-ਤਾਰੇ ਬਾਰੇ

? ਇੱਕ ਤਾਰਾ ਹੈ ਧਰੂੰ ਤਾਰਾ। ਬਾਕੀ ਸਾਰੇ ਆਪਣੀ ਦਿਸ਼ਾ ਬਦਲ ਲੈਂਦੇ ਹਨ ਪਰ ਇਹ ਹਰ ਵੇਲੇ ਉਥੇ ਹੀ ਦਿਖਾਈ ਦਿੰਦਾ ਹੈ; ਭਾਵੇਂ ਕਿ ਧਰਤੀ ਬੜੀ ਤੇਜ਼ੀ ਨਾਲ ਘੁੰਮ ਰਹੀ ਹੈ। ਕਿਉਂ ?

ਗੁਰਮੁਖ ਸਿੰਘ ਮਠਾੜੂ

o ਇਸਦਾ ਕਾਰਣ ਇਹ ਹੈ ਕਿ ਧਰੂ ਤਾਰਾ ਧਰਤੀ ਦੇ ਘੁੰਮਣ ਵਾਲੇ ਧੁਰੇ ਦੀ ਕਾਫੀ ਹੱਦ ਤਕ ਬਿਲਕੁਲ ਸੇਧ ਵਿੱਚ ਸਥਿਤ ਹੈ ਇਸ ਕਰਕੇ ਧਰਤੀ ਚਾਹੇ ਘੁੰਮਦੀ ਰਹਿੰਦੀ ਹੈ ਫਿਰ ਵੀ ਇਹ ਧਰੂ ਤਾਰਾ ਸਾਨੂੰ ਹਰ ਵਕਤ ਉਥੇ ਹੀ ਦਿਖਾਈ ਦਿੰਦਾ ਹੈ।

## ਜ਼ਖਮਾਂ ਤੇ ਪਿਸ਼ਾਬ ਲਗਾਉਣ ਬਾਰੇ

? ਅਸੀਂ ਆਮ ਸੁਣਦੇ ਹਾਂ ਕਿਸੇ ਕੱਟੇ ਹੋਏ ਥਾਂ, ਜ਼ਖਮ ਆਦਿ, ਤੇ ਪਿਸ਼ਾਬ ਲਗਾਉਣ ਨਾਲ ਜ਼ਖਮ ਪਕਦਾ ਨਹੀਂ। ਕੀ ਇਹ ਗੱਲ ਵਿਗਿਆਨਕ ਤੌਰ ਤੇ ਠੀਕ ਹੈ।

—ਸਵਰਨ ਸਿੰਘ
ਪਿੰਡ ਰਾਏਖਾਨਾ [ਬਠਿੰਡਾ]

o ਜਿੰਨੀ ਕੁ ਜਾਣਕਾਰੀ ਸਾਨੂੰ ਹੁਣ ਤੀਕ ਡਾਕਟਰੀ ਕਿੱਤੇ ਨਾਲ ਸੰਬਧਿਤ ਵਿਅਕਤੀਆਂ ਤੋਂ ਪ੍ਰਾਪਤ ਹੋਈ ਹੈ ਉਸਦੇ ਅਨੁਸਾਰ ਪਿਸ਼ਾਬ ਵਿੱਚ ਕੋਈ ਜਰਮ ਨਾਸ਼ਕ (Antiseptic) ਪਦਾਰਥ ਤਾਂ ਨਹੀਂ ਹਨ। ਪਰ ਇਸਨੂੰ ਮੌਕੇ ਤੇ ਜ਼ਖਮ ਧੋਣ ਲਈ ਡਿਸਟਲਡ ਵਾਟਰ ਦੀ ਜਗ੍ਹਾ

ਤੇ ਵਰਤਿਆ ਜਾ ਸਕਦਾ ਹੈ ਕਿਉਂਕਿ ਤੰਦਰੁਸਤ ਆਦਮੀ ਦੇ ਪਿਸ਼ਾਬ ਵਿੱਚ ਕੋਈ ਹਾਨੀਕਾਰਕ ਰੋਗਾਣੂ ] ਨਹੀਂ ਹੁੰਦੇ। ਉਂਜ ਕਿਸੇ ਹੱਦ ਤੀਕ ਇਸਦਾ ਸੁਭਾਅ ਤੇਜ਼ਾਬੀ ਹੋਣ ਕਰਕੇ ਵੀ ਇਹ ਜਰਾਸੀਮਾਂ ਲਈ ਰੋਕ ਬਣ ਸਕਦਾ ਹੈ। ਪਰ ਜ਼ਖਮਾਂ ਦੇ ਪੱਕਣ ਤੋਂ ਬਚਾਅ ਲਈ ਕੇਵਲ ਪਿਸ਼ਾਬ ਤੇ ਨਿਰਭਰ ਨਹੀਂ ਰਹਿਣਾ ਚਾਹੀਦਾ।

[ਇਸ ਮਾਮਲੇ ਬਾਰੇ ਜੇ ਕੋਈ ਵਿਅਕਤੀ ਹੋਰ ਵਧੇਰੇ ਜਾਣਕਾਰੀ ਦੇ ਸਕਦਾ ਹੋਵੇ ਤਾਂ ਉਹ ਜਰੂਰ ਸਾਨੂੰ ਭੇਜੀ ਜਾਵੇ।]

## ਕੱਚ ਖਾਣ ਬਾਰੇ

? ਅਸੀਂ 8-5-87 ਵਾਲੇ ਦਿਨ ਜਲੰਧਰ T.V. ਸਟੇਸ਼ਨ ਤੇ 'ਬੱਚਿਆਂ ਦਾ ਕੁਇਜ' ਪ੍ਰੋਗਰਾਮ ਵਿੱਚ ਇੱਕ ਵਿਅਕਤੀ ਨੂੰ ਦੇਖਿਆ ਜਿਸ ਨੇ ਕਾਫੀ ਮਾਤਰਾ ਵਿੱਚ ਕੱਚ ਖਾਧਾ ਅਤੇ ਬਾਅਦ ਵਿਚ ਪਾਣੀ ਪੀਤਾ। ਕੀ ਬੱਚੇ ਇਸਨੂੰ ਕੋਈ ਜਾਦੂਈ ਸ਼ਕਤੀ ਸਮਝਣ ? ਤੁਹਾਡਾ ਇਸ ਪ੍ਰਤੀ ਕੀ ਵਿਚਾਰ ਹੈ ਕਿਰਪਾ ਕਰਕੇ ਜ਼ਰੂਰ ਦੱਸਣਾ। ਕਿਉਂਕਿ ਇਹ ਪ੍ਰੋਗਰਾਮ ਵੇਖਣ ਨਾਲ ਬੱਚਿਆਂ ਵਿੱਚ ਗਲਤਫਹਿਮੀ ਪੈਦਾ ਹੋ ਗਈ ਹੈ।

ਰੂਪ ਲਾਲ ਚੌਹਾਨ
ਰੁੜਕਾ ਖੁਰਦ (ਜਲੰਧਰ)

ਕੱਚ ਖਾਣ ਵਿੱਚ ਕੋਈ ਜਾਦੂਈ ਸ਼ਕਤੀ ਨਹੀਂ ਹੈ। ਰੈਸ਼ਨੇਲਿਸਟ ਸੁਸਾਇਟੀ ਦੇ ਕਾਫੀ ਮੈਂਬਰ ਵੀ ਸੁਸਾਇਟੀ ਵਲੋਂ ਕੀਤੇ ਜਾਂਦੇ ਪ੍ਰੋਗਰਾਮਾਂ ਤੇ ਕੱਚ ਖਾ ਕੇ ਵਿਖਾਉਂਦੇ ਹਨ। ਇਸਦੇ ਲਈ ਕੱਚ ਨੂੰ ਚਿੱਥ ਚਿੱਥ ਕੇ ਕਾਫੀ ਬਰੀਕ ਕਰ ਲੈਣਾ ਚਾਹੀਦਾ ਹੈ ਤਾਂ ਜੋ ਇਹ ਆਂਦਰਾਂ ਵਿੱਚ ਖੁੱਭ ਕੇ ਕੋਈ ਜ਼ਖਮ ਨਾ ਕਰ ਸਕੇ। ਪਰ ਆਮ ਤੌਰ ਤੇ ਇਸਦੀ ਪ੍ਰੈਕਟਿਸ ਨਹੀਂ ਕਰਨੀ ਚਾਹੀਦੀ, ਖਾਸ ਕਰ ਬੱਚਿਆਂ ਨੂੰ ਤਾਂ ਬਿਲਕੁਲ ਹੀ ਨਹੀਂ, ਕਿਉਂਕਿ ਕਦੇ ਥੋੜਾ ਜਿੰਨਾ ਵੀ ਮੋਟਾ ਰਿਹਾ ਕੱਚ ਦਾ ਟੁਕੜਾ ਆਂਦਰਾਂ ਵਿੱਚ ਖੁੱਭ ਕੇ ਗੰਭੀਰ ਹਾਨੀ ਪੁਚਾ ਸਕਦਾ ਹੈ।

**ਨੋਟ :**— ਤਰਕਸ਼ੀਲ ਦੇ ਮਾਰਚ-ਅਪ੍ਰੈਲ ਅੰਕ ਵਿੱਚ 'ਸ਼ੰਕਾ ਨਵਿਰਤੀ' ਕਾਲਮ ਤਹਿਤ ਵਾਲਾਂ ਦੇ ਸਜੀਵ ਜਾਂ ਨਿਰਜੀਵ ਹੋਣ ਬਾਰੇ ਦਿੱਤੇ ਗਏ ਜਵਾਬ ਤੋਂ ਕੁਝ ਪਾਠਕਾਂ ਦੀ ਪੂਰੀ ਸੰਤੁਸ਼ਟੀ ਨਹੀਂ ਹੋਈ ਅਤੇ ਕੁਝ ਨੇ ਆਪਣੇ ਮਤਭੇਦ ਪ੍ਰਗਟ ਕੀਤੇ ਹਨ। ਇਸ ਸਬੰਧੀ ਅਸੀਂ ਮਾਹਿਰਾਂ ਤੋਂ ਕੁਝ ਹੋਰ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ ਸੋ ਅਗਲੇ ਅੰਕ ਇਸੇ ਵਿਸ਼ੇ ਬਾਰੇ ਵਧੇਰੇ ਵਿਸਥਾਰ ਵਿੱਚ ਦੇਣ ਦੀ ਕੋਸ਼ਿਸ਼ ਕਰਾਂਗੇ। ਇਸੇ ਤਰਾਂ ਹੀ ਮਰੇ ਹੋਏ ਜੀਵ ਨੂੰ ਦੁਬਾਰਾ ਜਿਉਂਦਾ ਕਰਨ ਵਜੋਂ ਵੀਰਜ ਨੂੰ ਤਰਲ ਨਾਈਟ੍ਰੋਜਨ ਵਿੱਚ ਰੱਖਣ ਦੀ ਉਦਾਹਰਣ ਦਿੱਤੀ ਗਈ ਸੀ ਜੋ ਕਿ ਅਸਲ ਵਿੱਚ ਠੀਕ ਨਹੀਂ ਸੀ। ਇਸ ਬਾਰੇ ਆਏ ਦੋਹਵੇਂ ਖਤ ਅਸੀਂ ਮੂਲ ਰੂਪ ਵਿੱਚ ਹੀ ਛਾਪ ਰਹੇ ਹਾਂ ਤਾਂ ਜੋ ਭੁਲੇਖਾ ਦੂਰ ਹੋ ਸਕੇ। ਇਸਦੇ ਨਾਲ ਹੀ ਸਾਡੀ ਅਪੀਲ ਹੈ ਕਿ ਮੈਗਜੀਨ ਵਿੱਚ ਹਰ ਕਿਸਮ ਦੀ ਬਾਹਿਸ ਵਿਚਾਰ ਅੱਗੇ ਤੋਰਨ ਵਾਲੇ ਵਿਅਕਤੀ ਆਪਣਾ ਪੂਰਾ ਪਤਾ ਜਰੂਰ ਲਿਖਣ ਤਾਂ ਜੋ ਲੋੜ ਪੈਣ ਦੇ ਚਿੱਠੀ ਪੱਤਰ ਕੀਤਾ ਜਾ ਸਕੇ।

—ਕਿਸੇ ਜੀਵ ਦੇ ਮਰ ਜਾਣ ਦਾ ਮਤਲਬ ਹੀ ਇਹ ਹੈ ਕਿ ਉਸ ਵਿੱਚ ਨਾ ਮੁੜਨ ਯੋਗ ਤਬਦੀਲੀ ਹੋ ਚੁੱਕੀ ਹੈ। ਮਰਨਾ ਇੱਕ ਸਿਫਤੀ ਤਬਦੀਲੀ (Qualitative Change) ਹੈ। ਜਿਥੋਂ ਤੱਕ ਵੀਰਜ ਨੂੰ ਤਰਲ ਨਾਈਟ੍ਰੋਜਨ ਵਿੱਚ ਰੱਖਣ ਦਾ ਸਵਾਲ ਹੈ ਵੀਰਜ ਵਿਚਾਲੇ ਸ਼ੁਕਰਾਣੂ ਤਰਲ ਨਾਈਟਰੋਜਨ ਵਿੱਚ ਮਰਦੇ ਨਹੀਂ। ਸਗੋਂ ਉਹ ਜਿੰਦਾ ਹੁੰਦੇ ਹਨ ਪਰ ਉਹਨਾਂ ਦੇ Cell ਵਿਚਲੀਆਂ ਜੀਵ ਰਸਾਇਣਕ ਕ੍ਰਿਆਵਾਂ (Biochemical Reaction) ਇਤਨੀਆਂ ਮੱਧਮ ਹੋ ਜਾਂਦੀਆਂ ਹਨ ਕਿ ਉਹ ਬਹੁਤ ਹੀ ਘੱਟ ਆਕਸੀਜਨ ਅਤੇ ਖੁਰਾਕ ਉਤੇ ਲੰਮਾ ਸਮਾਂ ਜਿੰਦਾ ਰਹਿ ਸਕਦੇ ਹਨ ਜਦ ਕਿ ਸਾਧਾਰਣ ਤਾਪਮਾਨ ਤੇ ਉਹ ਕੇਵਲ $2\frac{1}{2}$ ਘੰਟੇ ਤੱਕ ਮੁਸ਼ਕਲ ਨਾਲ ਜੀਅ ਸਕਦੇ ਹਨ ਸੋ ਤਰਲ ਨਾਈਟਰੋਜਨ ਤੇ ਵੀਰਜ ਦੇ ਅੰਸ਼ ਮਰਦੇ ਨਹੀਂ ਸਗੋਂ ਲੰਮੇ ਸਮੇਂ ਵਾਸਤੇ ਜਿੰਦਾ ਰਹਿੰਦੇ ਹਨ।

ਡਾ. ਸਸ਼ੀ ਕਾਂਤ, ਚੰਡੀਗੜ੍ਹ

— ਵੀਰਜ ਨੂੰ ਤਰਲ ਨਾਈਟਰੋਜਨ ਵਿੱਚ ਰੱਖਣ ਸਬੰਧੀ ਅਸਲੀਅਤ ਇਹ ਹੈ ਕਿ ਇਸਨੂੰ ਲੰਬੇ ਸਮੇ ਤੱਕ ਸੁਰਖਿਅਤ ਰੱਖਣ ਲਈ ਤਰਲ ਨਾਈਟਰੋਜਨ ਵਿੱਚ ਰਖਣ ਤੋਂ ਪਹਿਲਾਂ ਇਸ ਵਿੱਚ ਕਝ ਖੁਰਾਕੀ ਤੱਤ (ਡਿਲੂਟਰ ਜਾਂ Extenders) ਮਿਲਾਏ ਜਾਂਦੇ ਹਨ ਤਾਂ ਕਿ ਵੀਰਜ ਵਿਚਲੇ ਸ਼ੁਕਰਾਣੂ (Sperms) ਜਿਉਂਦੇ ਰਹਿ ਸਕਣ। ਵੀਰਜ ਨੂੰ ਤਰਲ ਨਾਈਟਰੋਜਨ ਵਿਚ ਇਸ ਲਈ ਰਖਿਆ ਜਾਂਦਾ ਹੈ ਕਿਉਂਕਿ ਵੀਰਜ ਵਿਚਾਲੇ ਸ਼ੁਕਰਾਣੂ ਇਸ ਤਾਪਮਾਨ (—296°C) ਤੇ ਲੰਬੇ ਸਮੇਂ ਤੱਕ ਸੁਰਖਿਅਤ ਰਹਿ ਸਕਦੇ ਹਨ ਜਦੋਂ ਕਿ ਸਾਧਾਰਣ ਤਾਪਮਾਨ ਤੇ ਲਿਆਉਣ ਤੇ ਇਹਨਾਂ ਦੀ Activity ਤਾਂ ਜਰੂਰ ਵਧ ਜਾਂਦੀ ਹੈ ਪਰ ਇਹ ਜਿਉਂਦੇ ਕੁਝ ਨਿਸਚਿਤ ਸਮੇਂ ਤੱਕ ਹੀ ਰਹਿ ਸਕਦੇ ਹਨ।

— ਐੱਚ. ਐੱਸ. ਸਿੱਧੂ



× × ×

# × ਚਿੱਠੀਆਂ ×

× × ×

## ਅੰਤਰ ਜਾਤੀ ਵਿਆਹਾਂ ਤੇ ਜੋਰ ਦਿਓ

ਤਰਕਸ਼ੀਲ ਸਦਕਾ ਅੱਜ ਮੈਂ ਹਰ ਤਰ੍ਹਾਂ ਦੇ ਵਹਿਮਾਂ-ਭਰਮਾਂ ਅਤੇ ਹੋਰ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋ ਕੇ ਸੁਚੇਤ ਰੂਪ ਵਿੱਚ ਜਿੰਦਗੀ ਜਿਉਂ ਰਿਹਾ ਹਾਂ। ਸਾਡੇ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਤੋਂ ਵੀ ਖਤਰਨਾਕ ਕੋਹੜ ਜਾਤ-ਪਾਤ ਦਾ ਵਖਰੇਵਾਂ ਹੈ। ਤਰਕਸ਼ੀਲ ਸੁਸਾਇਟੀ ਦੇ ਜਨਮਦਾਤਾ ਡਾ. ਇਬਰਾਹੀਮ ਟੀ. ਕਵੂਰ ਨੇ ਇਸਨੂੰ ਖਤਮ ਕਰਨ ਲਈ ਅੰਤਰਜਾਤੀ ਵਿਆਹ ਰਚਾਉਣ ਤੇ ਜੋਰ ਦਿੱਤਾ ਹੈ। ਸੋ ਸਾਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਨਿੰਦਰ ਕੁਮਾਰ ਨਿੰਦਰ
ਪੰਡਵਾ [ਕਪੂਰਥਲਾ]

× × ×

## ਔਰਤਾਂ ਲਈ ਵਿਸ਼ੇਸ਼ ਲੇਖ ਦਿਓ

— ਰੈਸ਼ਨੇਲਿਸਟ ਸੁਸਾਇਟੀ ਵਿੱਚ ਔਰਤ ਮੈਂਬਰ ਘੱਟ ਹਨ ਜਦ ਕਿ ਅੰਧ ਵਿਸ਼ਵਾਸ ਔਰਤਾਂ ਵਿੱਚ ਵੱਧ ਭਾਰੂ ਹੈ। ਸੋ ਔਰਤਾਂ ਵਿੱਚ ਚੇਤਨਤਾ ਲਿਆਉਣ ਦੀ ਜਿਆਦਾ ਲੋੜ ਹੈ। ਜੇ ਤੁਸੀਂ ਰਸਾਲੇ ਵਿੱਚ ਔਰਤਾਂ ਵਿੱਚ ਚੇਤਨਤਾ ਲਿਆਉਣ ਬਾਰੇ ਕੁਝ ਲਿਖੋ ਤਾਂ ਬੜਾ ਵਧੀਆ ਹੋਵੇਗਾ। ਇਸ ਦੇ ਨਾਲ ਹੀ ਗੀਤ ਵੀ ਦਿੰਦੇ ਰਿਹਾ ਕਰੋ ਜੋ ਸਟੇਜਾਂ ਤੇ ਗਾਏ ਜਾ ਸਕਣ।

ਪਰਮਜੀਤ ਕੌਰ ਖੇਮੂਆਣਾ

○ ਸਾਡੇ ਦੇਸ਼ ਦੇ ਪਛੜੇ ਆਰਥਿਕ ਸਾਮਾਜਿਕ ਢਾਂਚੇ ਸਦਕਾ ਉਂਜ ਤਾਂ ਬਹੁਗਿਣਤੀ ਲੋਕ ਅੰਧ ਵਿਸ਼ਵਾਸ਼ਾਂ ਦੀ ਦਲਦਲ ਵਿੱਚ ਫਸੇ ਹੋਏ ਹਨ ਪਰ ਸਾਮਾਜਿਕ ਬੰਧਨਾਂ ਤੇ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਔਰਤ ਤੱਕ ਤਾਂ ਗਿਆਨ ਦੀ ਕੋਈ ਵਿਰਲੀ ਕਿਰਨ ਹੀ ਪੁਜਦੀ ਹੈ ਇਸੇ ਕਰਕੇ ਔਰਤਾਂ ਵਿੱਚ ਅੰਧ-ਵਿਸ਼ਵਾਸ ਮੁਕਾਬਲਤਨ ਹੋਰ ਵੀ ਵੱਧ ਹਨ। ਉਂਜ ਤਾਂ ਔਰਤ ਨੂੰ ਸਮਾਜ ਵਿੱਚ ਉਸਦਾ ਬਣਦਾ ਸਥਾਨ ਦੇਣ ਲਈ ਇੱਕ ਲੰਮੀ ਤੇ ਬਹੁਪੱਖੀ ਜਦੋ ਜਹਿਦ ਦੀ ਲੋੜ ਹੈ ਫਿਰ ਵੀ ਔਰਤਾਂ ਦਾ ਮਾਨਸਿਕ ਪਛੜੇਵਾਂ ਦੂਰ ਕਰਨ ਲਈ ਅਸੀਂ ਆਪਣੇ ਪਰਚੇ ਵਿੱਚ ਤੁਹਾਡੇ ਸੁਝਾਅ ਮੁਤਾਬਿਕ ਲੇਖ ਆਦਿ ਜ਼ਰੂਰ ਦਿੰਦੇ ਰਹਾਂਗੇ।

## 'ਤਰਕਸ਼ੀਲ' ਦਾ ਅਸਰ

— ਮੈਂ ਇਸ ਸੁਸਾਇਟੀ ਦੀ ਬਹੁਤ ਧੰਨਵਾਦੀ ਹਾਂ। ਰੈਸ਼ਨੇਲਿਸਟ ਸੋਸਾਇਟੀ ਪੰਜਾਬ ਦਾ ਮੈਗਜੀਨ ਪੜ੍ਹਿਆ, ਮਾਨਸਿਕ ਰੋਗਾਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਕੇ ਜਿਸ ਤਰੀਕੇ ਨਾਲ ਇਲਾਜ ਕੀਤਾ ਗਿਆ ਹੈ ਬਹੁਤ ਹੀ ਸ਼ਲਾਘਾ-ਯੋਗ ਹੈ। ਜ਼ਿੰਦਗੀ ਵਿੱਚ ਪਹਿਲੀ ਵਾਰ ਤਰਕਸ਼ੀਲ ਪੜ੍ਹਨ ਲਈ ਮਿਲਿਆ ਤਾਂ ਦਿਮਾਗ ਨੂੰ ਹਲੂਣਾ ਜਿਹਾ ਵੱਜਾ। ਮੈਂ ਅੱਧੇ ਪਿੰਡ ਵਾਲਿਆਂ ਦੇ ਗਲਾਂ ਵਿਚੋਂ ਧਾਗੇ-ਤਵੀਤ ਕਢਵਾ ਦਿੱਤੇ ਨੇ। ਮੈਂ ਖੁਦ ਵੀ ਰੋਜ਼ ਦੋ ਘੰਟੇ ਦੀਵੇ ਜਗਾਉਂਦੀ ਅਤੇ ਪੂਜਾ ਆਦਿ ਵਿੱਚ ਖਰਾਬ ਕਰਦੀ ਰਹੀ ਹਾਂ। ਜਿਸ ਦਿਨ ਤੋਂ 'ਤਰਕਸ਼ੀਲ' ਮਿਲਿਆ ਹੈ ਦਿਲ ਮਿਹਨਤ ਕਰਨ ਨੂੰ ਹੀ ਕਰਦਾ ਹੈ।

ਭੁਪਿੰਦਰ ਕੌਰ
ਜ਼ਿਲਾ ਪਟਿਆਲਾ

× × ×

## ਇੰਗਲੈਂਡ ਵਿੱਚ ਵੀ ਲੋੜ ਘੱਟ ਨਹੀਂ

ਅਜਿਹੇ ਪਰਚੇ ਦੀ ਭਾਵੇਂ ਪੰਜਾਬ ਵਿੱਚ ਬਹੁਤ ਲੋੜ ਹੈ ਪਰ ਐਥੇ ਵੀ ਇਸਦੀ ਲੋੜ ਘੱਟ ਨਹੀਂ, ਅਗਿਆਨਤਾ ਦੇ ਢੇਰ ਲੱਗੇ ਹੋਏ ਨੇ। ਸਾਡੀ ਜਗੀਰੂ ਸੋਚ ਤੇ ਅਮਲ ਏਥੇ ਵੀ ਬੁਰੀ ਤਰ੍ਹਾਂ ਅਸਰਦਾਇਕ ਹਨ। ਪੰਜਾਬ ਸਮਸਿਆ ਨੇ ਸਾਨੂੰ ਬੁਰੀ ਤਰ੍ਹਾਂ ਖਰਾਬ ਕਰ ਛੱਡਿਐ, ਬੜੇ ਰੱਫੜ ਪੈ ਰਹੇ ਨੇ—ਕਰੰਡ ਹੋ ਰਹੇ ਨੇ ਲੋਕ। ਪਰ ਆਖਰ ਲੋਕ ਜ਼ਰੂਰ ਜਾਗਣਗੇ, ਸੁਰਤ ਫੜਕੇ ਆਪਣਾ ਕੰਮ ਆਪੇ ਹੀ ਸੰਵਾਰਨਗੇ।

ਹਰਜੀਤ ਚੌਧਰੀਆ
ਇੰਗਲੈਂਡ

## ਮੈਗਜ਼ੀਨ ਹਿੰਦੀ 'ਚ ਵੀ ਪ੍ਰਕਾਸ਼ਿਤ ਕਰੋ

ਅਸੀਂ ਤੁਹਾਡਾ ਮੈਗਜੀਨ ਪੜਿਆ। ਇਸ ਵਿੱਚ ਬਹੁਤ ਹੀ ਚੰਗੇ ਢੰਗ ਨਾਲ ਲਿਖਿਆ ਹੁੰਦਾ ਹੈ ਪਰ ਅਸੀਂ ਇਸਨੂੰ ਹਰਿਆਣਾ ਵਿੱਚ ਰਹਿਣ ਵਾਲੇ ਆਮ ਲੋਕਾਂ ਨੂੰ

ਪੜ੍ਹਾਉਣਾ ਚਾਹੁੰਦੇ ਹਾਂ ਅਤੇ ਆਮ ਆਦਮੀ ਪੰਜਾਬੀ ਪੜ੍ਹਨ ਨਹੀਂ ਜਾਣਦਾ। ਕਿੰਨੀ ਚੰਗੀ ਗੱਲ ਹੋਏ ਜੇ ਕਰ ਤੁਸੀਂ 'ਵਿਗਿਆਨਕ ਵਿਚਾਰ' ਨੂੰ ਹਿੰਦੀ ਵਿੱਚ ਪ੍ਰਕਾਸ਼ਿਤ ਕਰ ਸਕੋ। ਵਿਗਿਆਨਕ ਵਿਚਾਰ ਵਿੱਚ ਛਪੀ 'ਮਨੁੱਖ ਦੀ ਕਹਾਣੀ' ਨੂੰ ਤਾਂ ਜ਼ਰੂਰ ਹੀ ਹਿੰਦੀ ਵਿੱਚ ਛਾਪ ਦਿਉ ਤਾਂ ਜੋ ਅਸੀਂ ਲੋਕਾਂ ਦੇ ਮਨਾਂ ਵਿਚੋਂ ਭੂਤ-ਪ੍ਰੇਤ ਤੇ ਹੋਰ ਇਹੋ ਜਿਹੀਆਂ ਗੱਲਾਂ ਕਢਕੇ ਵਿਗਿਆਨਕ ਵਿਚਾਰ ਦੀਆਂ ਗੱਲਾਂ ਸਮਝਾ ਸਕੀਏ।

ਗੋਬਿੰਦ ਦਾੜ੍ਹਾਣ-ਸਿਰਸਾ (ਹਰਿਆਣਾ)

ਸੋਸਾਇਟੀ ਦੇ ਮੈਗਜ਼ੀਨ ਅਤੇ ਹੋਰ ਲਿਖਤਾਂ ਨੂੰ ਹਿੰਦੀ ਵਿੱਚ ਵੀ ਪ੍ਰਕਾਸ਼ਿਤ ਕਰਨ ਦੀ ਯੋਜਨਾ ਸਾਡੇ ਵਿਚਾਰ ਅਧੀਨ ਹੈ ਪਰ ਹਾਲ ਦੀ ਘੜੀ ਮਾਇਕ ਤੇ ਪ੍ਰਬੰਧਕੀ ਮੁਸ਼ਕਲਾਂ ਕਾਰਨ ਇਹ ਸੰਭਵ ਨਹੀਂ ਹੋ ਰਿਹਾ ਆਸ ਹੈ ਕਿ ਜਲਦੀ ਹੀ ਤੁਹਾਡੇ ਸਰਗਰਮ ਸਹਿਯੋਗ ਸਦਕਾ ਅਸੀਂ 'ਵਿਗਿਆਨਕ ਵਿਚਾਰ' ਨੂੰ ਹਿੰਦੀ ਵਿੱਚ ਛਾਪਣਾ ਸ਼ੁਰੂ ਕਰ ਸਕਾਂਗੇ।

## ਸ਼ਲਾਘਾਯੋਗ

—ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਕਰਨੀ ਮੈਂ ਆਪ ਦਾ ਮੈਗਜ਼ੀਨ ਤਰਕਸ਼ੀਲ ਕਿਸੇ ਕੋਲੋਂ ਲੈ ਕੇ ਪੜ੍ਹਿਆ, ਜਿਹਦੇ ਵਿਚ ਤੁਸੀਂ ਪਖੰਡੀ ਜਾਦੂਗਰਾਂ ਅਤੇ ਝੂਠੇ ਸਾਧਾਂ ਬਾਰੇ ਪਾਜ ਉਘੇੜਿਆ ਹੈ। ਇਹ ਬਹੁਤ ਹੀ ਸ਼ਲਾਘਾਯੋਗ ਹੈ। ਇਹਨਾਂ ਨੇ ਕਈਆਂ ਦੀਆਂ ਜਾਨਾਂ ਲਈਆਂ ਹਨ। ਭੂਤ-ਪ੍ਰੇਤ ਦਾ ਨਾਉਂ ਲੈ ਕੇ ਕੁੱਟ-ਕੁੱਟ ਕੇ ਹੀ ਮਾਰ ਦਿੰਦੇ ਹਨ।

ਨਵਿੰਦਰ ਜੀਤ ਖਾਲਸਾ

ਭਾਗੜੀ [ਗੁਰਦਾਸਪੁਰ]

**ਨੋਟ :** ਪਿਛਲੇ ਅੰਕ ਵਿੱਚ ਛਪੀ ਕਹਾਣੀ 'ਮਿੰਦੇ ਦਾ ਭੂਤ' ਦਾ ਲੇਖਕ ਹਰਬੰਸ ਮਾਂਗਟ ਸੀ ਜੋ ਗਲਤੀ ਨਾਲ ਛਪਣੋਂ ਰਹਿ ਗਿਆ ਸੀ।

## —ਭਵਿਖ ਬਾਣੀ ਜੋ ਗਲਤ ਸਾਬਿਤ ਹੋਈ—

ਜਗਬਾਣੀ 17 ਜੂਨ ਵਿੱਚ ਦਿੱਲੀ ਦੇ ਮਸ਼ਹੂਰ ਜੋਤਿਸ਼ੀ ਪੰਡਤ ਪ੍ਰੇਤ ਸਾਗਰ ਵਲੋਂ ਦੇਸ਼ ਦੀ ਆਉਣ ਵਾਲੀ ਰਾਜਸੀ ਹਾਲਤ ਬਾਰੇ ਜੋਤਿਸ਼ ਦੇ ਆਧਾਰ ਤੇ ਭਵਿਖ ਬਾਣੀ ਕੀਤੀ ਗਈ ਸੀ ਜਿਸ ਵਿੱਚ ਹੋਰ ਗੱਲਾਂ ਤੋਂ ਇਲਾਵਾ ਲਿਖਿਆ ਗਿਆ ਸੀ

'ਹਰਿਆਣੇ ਦੀਆਂ ਚੋਣਾਂ ਵਿੱਚ ਕਾਂਗਰਸ (ੲ) ਨੂੰ 51 ਫੀ ਸਦੀ ਅਤੇ ਵਿਰੋਧੀ ਧਿਰ ਨੂੰ 49 ਫੀ ਸਦੀ ਸੀਟਾਂ ਮਿਲਣਗੀਆਂ।'

ਪਰ ਹਰਿਆਣੇ ਦੇ ਲੋਕਾਂ ਨੇ ਕਾਂਗਰਸ ਨੂੰ ਕੇਵਲ 6% ਸੀਟਾਂ ਦੇ ਕੇ ਕਾਂਗਰਸ ਦੇ ਨਾਲ ਨਾਲ ਇਹੋ ਜਿਹੇ ਜੋਤਸ਼ੀਆਂ ਨੂੰ ਵੀ ਸਬਕ ਸਿਖਾ ਦਿੱਤਾ ਹੈ।

(ਇਸ ਲੇਖ ਵਿੱਚ ਕੀਤੀਆਂ ਗਈਆਂ ਹੋਰ ਭਵਿਖ ਬਾਣੀਆਂ ਦਾ ਵਿਸ਼ਲੇਸ਼ਣ ਅਸੀਂ ਅਗਲੇ ਕਿਸੇ ਅੰਕ ਵਿੱਚ ਕਰਾਂਗੇ।)

—ਸੰਪਾਦਕ



# ਔਰਤ, ਜਿਸ ਨੂੰ ਵੀਹ ਸਾਲ ਤੱਕ ਇੱਕ ਕੋਠੜੀ ਵਿੱਚ ਬੰਦ ਰਖਿਆ ਗਿਆ

ਵੀਅਨਾ ਦੀ ਇੱਕ ਅਦਾਲਤ ਨੂੰ ਇਕ ਗੁਮਨਾਮ ਖਤ ਮਿਲਿਆ, ਜਿਸ ਵਿੱਚ ਲਿਖਿਆ ਸੀ ਕਿ ਥੇਸੋਲਾ ਨਾਂਮਕ ਸਥਾਨ ਦੇ ਇੱਕ ਭਿਖਸ਼ਣੀ-ਵਿਹਾਰ ਵਿੱਚ ਇੱਕ ਭਿਖਸ਼ਣੀ, ਜਿਸ ਦਾ ਨਾਂ ਬਾਰਬਰਾ ਹੈ, ਪਿਛਲੇ 20-21 ਸਾਲਾਂ ਤੋਂ ਇੱਕ ਛੋਟੀ ਜਿਹੀ ਕੋਠੜੀ ਵਿੱਚ ਬੰਦ ਹੈ ਅਤੇ ਇਸ ਲੰਬੇ ਸਮੇਂ ਦੌਰਾਨ ਉਹ ਇੱਕ ਵਾਰ ਭੀ ਕੋਠੜੀ 'ਚੋਂ ਬਾਹਰ ਨਹੀਂ ਨਿੱਕਲੀ। ਇਸ ਬਦਬੂਦਾਰ ਕੋਠੜੀ ਵਿੱਚ ਰਹਿੰਦੇ ਹੋਏ ਅਤੇ ਹੋਰਨਾਂ ਭਿਖਸ਼ਣੀਆਂ ਦੇ ਅੱਤਿਆਚਾਰ ਸਹਿੰਦੇ 2 ਉਹ ਪਾਗਲ ਹੋ ਗਈ ਹੈ। ਕੀ ਅਦਾਲਤ ਉਸ ਨੂੰ ਰਿਹਾ ਕਰਵਾਉਣ ਦਾ ਪ੍ਰਬੰਧ ਕਰੇਗੀ ?

ਅਦਾਲਤ ਨੇ ਤੁਰੰਤ ਸੰਬੰਧਿਤ ਵਿਭਾਗਾਂ ਨੂੰ ਜਾਂਚ ਦੇ ਜ਼ਰੂਰੀ ਸੰਦੇਸ਼ ਜਾਰੀ ਕਰ ਦਿਤੇ। ਸਥਾਨਕ ਧਰਮ-ਅਧਿਕਾਰੀਆਂ ਤੋਂ ਭਿਖਸ਼ਣੀ-ਵਿਹਾਰ ਵਿੱਚ ਦਾਖਲ ਹੋਣ ਦੇ ਆਦੇਸ਼ ਪ੍ਰਾਪਤ ਕਰਕੇ ਪੁਲਿਸ ਵਿਹਾਰ ਵਿੱਚ ਚਲੀ ਗਈ। ਦਰਵਾਜ਼ਾ ਖੁਲ੍ਹਦੇ ਹੀ ਇੱਕ ਬੁੱਢੀ ਭਿਖਸ਼ਣੀ ਨੇ ਦੱਸਿਆ ਕਿ ਵਿਹਾਰ ਵਿੱਚ ਬਾਰਬਰਾ ਨਾਂ ਦੀ ਕੋਈ ਭਿਖਸ਼ਣੀ ਨਹੀਂ ਹੈ। ਪਰ ਪੁਲਿਸ ਨੇ ਉਸ ਦੀ ਗੱਲ ਤੇ ਵਿਸ਼ਵਾਸ ਨਾ ਕੀਤਾ ਤੇ ਅੰਦਰ ਜਾ ਕੇ ਬਾਰਬਰਾ ਨੂੰ ਲੱਭਣ ਲੱਗ ਪਈ। ਭਾਲਦੇ ਭਾਲਦੇ ਪੁਲਿਸ ਇੱਕ ਤੰਗ ਤੇ ਹਨੇਰੇ ਜਿਹੇ ਬਰਾਮਦੇ ਵਿੱਚ ਪਹੁੰਚੀ। ਇਸਦੇ ਖੂੰਜੇ ਵਿੱਚ ਪਖਾਨੇ ਦੇ ਕੋਲ ਕਈ ਛੋਟੀਆਂ 2 ਕੋਠੜੀਆਂ ਸਨ ਜੋ ਕਿ ਤੰਗ, ਹਨੇਰੇ-ਭਰੀਆਂ, ਸਿੱਲੀਆਂ ਅਤੇ ਬਦਬੂਦਾਰ ਸਨ। ਕੇਵਲ ਇੱਕ ਕੋਠੜੀ ਨੂੰ ਛੱਡ ਕੇ ਬਾਕੀ ਸਾਰੀਆਂ ਖਾਲੀ ਪਈਆਂ ਸਨ ਤੇ ਉਹਨਾ ਦੇ ਦਰਵਾਜ਼ਿਆਂ ਤੇ ਵੱਡੇ 2 ਤਾਲੇ ਲਟਕ ਰਹੇ ਸਨ। ਜੋ ਕੋਠੜੀ ਖਾਲੀ ਨਹੀਂ ਸੀ, ਉਸ ਦੀ ਚਾਬੀ ਭਿਖਸ਼ਣੀਆਂ ਨੇ ਪੁਲਿਸ ਨੂੰ ਨਹੀਂ ਦਿੱਤੀ। ਪੁਲਿਸ ਨੂੰ ਉਸ ਦਾ ਤਾਲਾ ਤੋੜਨਾ ਪਿਆ। ਤਾਲਾ ਟੁੱਟਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਜੋ ਦ੍ਰਿਸ਼ ਦੇਖਣ ਨੂੰ ਮਿਲਿਆ, ਉਸ ਨੂੰ ਦੇਖ ਕੇ ਉਹ ਦੰਗ ਰਹਿ ਗਏ।

ਚਾਰ ਫੁੱਟ ਲੰਬੀ ਅਤੇ ਦੋ ਫੁੱਟ ਚੌੜੀ ਹਨੇਰ-ਕੋਠੜੀ ਵਿੱਚ, ਘੋਰ ਹਨੇਰੇ ਅਤੇ ਭੈੜੀ ਬਦਬੂ ਦੇ ਵਿੱਚ ਇੱਕ ਹੱਡੀਆਂ ਦਾ ਪਿੰਜਰ ਪਿਆ ਸੀ। ਨੱਕ ਉੱਪਰ ਰੁਮਾਲ ਰੱਖ ਕੇ ਪੁਲਿਸ ਅਧਿਕਾਰੀਆਂ ਨੇ ਦੇਖਿਆ ਕਿ ਇਹ ਪਿੰਜਰ ਇੱਕ ਨੰਗੀ ਔਰਤ ਦਾ ਸੀ, ਜੋ ਮਲ-ਮੂਤਰ ਨਾਲ ਲਿੱਬੜਿਆ ਹੋਇਆ ਸੀ।

ਆਪਣੇ ਸਾਹਮਣੇ ਕੁੱਝ ਲੋਕਾਂ ਨੂੰ ਖੜ੍ਹੇ ਦੇਖ ਕੇ ਉਸ ਔਰਤ ਨੇ ਚੀਕਣਾ ਸ਼ੁਰੂ ਕਰ ਦਿੱਤਾ—"ਉਏ, ਕਿੱਥੇ ਹੈ ਤੁਹਾਡੀ ਉਹ ਕਾਫ਼ੀ, ਜਿਸ ਨੂੰ ਦੇਣ ਦਾ ਵਾਅਦਾ ਤੁਸੀਂ ਸਾਲਾਂ ਤੋਂ ਕਰਦੇ ਆ ਰਹੇ ਹੋ ? ਤੇ, ਕੁੱਝ ਖਾਣ ਨੂੰ ਭੀ ਦੇਵੋ... ਕਈ ਸਾਲਾਂ ਤੋਂ ਮੈਂ ਪੇਟ ਭਰ ਕੇ ਖਾਣਾ ਭੀ ਨਹੀਂ ਖਾਧਾ ਹੈ।" ਤੇ ਫੇਰ ਉਹ ਫੁੱਟ ਫੁੱਟ ਕੇ ਰੋਣ ਲੱਗੀ। ਉਸ ਨੇ ਰੋਂਦੇ ਹੋਏ ਫਿਰ ਕਿਹਾ—"ਮੈਂ ਵਾਅਦਾ ਕਰਦੀ ਹਾਂ, ਮੈਂ ਤੁਹਾਡੀਆਂ ਸਭ ਗੱਲਾਂ ਮੰਨੂੰਗੀ। ਮੇਰੇ ਤੇ ਤਰਸ ਕਰੋ ਅਤੇ ਮੈਨੂੰ ਕੁੱਝ ਖਾਣ ਪੀਣ ਲਈ ਦੇਵੋ।"

ਬਾਰਬਰਾ ਨੂੰ ਇਹ ਭਿਅੰਕਰ ਸਜ਼ਾ ਇਸ ਕਰਕੇ ਦਿੱਤੀ ਗਈ ਸੀ ਕਿਉਂਕਿ ਉਸ ਨੇ ਇੱਕ ਆਦਮੀ ਨਾਲ ਪਿਆਰ ਕਰਕੇ ਆਪਣੇ ਕੰਵਾਰੇਪਣ ਨੂੰ ਭੰਗ ਕਰ ਲਿਆ ਸੀ। ਇਸੇ 'ਅਪਰਾਧ' ਦੇ ਧਾਰਮਿਕ ਦੰਡ ਵਜੋਂ ਉਸ ਨੂੰ ਵੀਹ ਸਾਲ ਤੱਕ ਇੱਕ ਤੰਗ ਅਤੇ ਹਨੇਰੀ ਕਾਲ-ਕੋਠੜੀ ਵਿੱਚ ਬੰਦ ਰੱਖਿਆ ਗਿਆ। ਉਸ ਨੂੰ ਜਿਉਂਦੀ ਰੱਖਣ ਲਈ ਦਿਨ ਵਿੱਚ ਕੇਵਲ ਇੱਕ ਵਾਰ ਨਾਂ-ਮਾਤਰ ਭੋਜਨ ਰੋਸ਼ਨਦਾਨ ਰਾਹੀਂ ਅੰਦਰ ਸੁੱਟ ਦਿੱਤਾ ਜਾਂਦਾ ਸੀ।

ਭਿਖਸ਼ਣੀਆਂ ਦੀ ਇਹ ਦਲੀਲ ਸੀ ਕਿ ਬਾਰਬਰਾ ਇੱਕ ਪਾਗਲ ਅਤੇ ਚਰਿੱਤ੍ਰ-ਹੀਨ ਔਰਤ ਹੈ, ਇਸ ਲਈ ਉਸ ਨੂੰ ਸਜ਼ਾ ਦੇਣ ਦਾ ਵੀ ਉਹਨਾਂ ਨੂੰ ਪੂਰਾ ਅਧਿਕਾਰ ਹੈ। ਪਰ ਪੁਲਿਸ ਅਧਿਕਾਰੀਆਂ ਨੇ ਕਿਹਾ—"ਬੰਦ ਕਰੋ ਇਹ ਬਕਵਾਸ ! ਤੁਸੀਂ ਜੋ ਕੁਝ ਕੀਤਾ ਹੈ, ਉਸ ਦੀ ਪੂਰੀ ਸਜ਼ਾ ਤੁਹਾਨੂੰ ਮਿਲੇਗੀ।" ਪਰੰਤੂ ਪੋਪ ਦੀਆਂ ਗੁਪਤ ਕਰਤੂਤਾਂ ਦਾ ਸਦਕਾ, ਉਹ ਸਾਰੀਆਂ ਭਿਖਸ਼ਣੀਆਂ ਸਜ਼ਾ ਤੋਂ ਬਚ ਰਹੀਆਂ। ਇਹ ਘਿਨਾਉਣਾ ਕਾਂਡ ਆਪਣੇ ਆਪਨੂੰ ਰੱਬ ਦੇ ਨੇੜੇ ਸਮਝਣ ਵਾਲੀਆਂ ਉਹਨਾਂ ਭਿਖਸ਼ਣੀਆਂ ਦੇ ਮੱਥੇ ਤੇ ਇੱਕ ਕਲੰਕ ਦੀ ਤਰ੍ਹਾਂ ਮੌਜੂਦ ਹੈ।

# ਸਾਡੇ ਸਭਿਆਚਾਰ ਦੇ ਦਿਲਚਸਪ ਪਹਿਲੂ —ਸਵੈ ਸਾਚੀ

## ਪੂੰਜੀਵਾਦੀ ਤੇ ਜਗੀਰੂ ਕਦਰਾਂ ਕੀਮਤਾਂ ਦਾ ਮਿਲਗੋਭਾ

—ਸਵੈ ਸਾਚੀ

ਸਾਡੇ ਦੇਸ਼ ਵਿਚ ਪੂੰਜੀਪਤੀ ਜਮਾਤ ਨੇ ਮਿਹਨਤੀ ਜਨਤਾ ਤੋਂ ਡਰ ਕੇ ਜਗੀਰਦਾਰੀ ਨੂੰ ਖਤਮ ਕਰਨ ਦੇ ਥਾਂ ਤੇ ਉਸ ਨਾਲ ਸਮਝੌਤਾ ਕਰ ਲਿਆ ਹੈ ਇਸ ਲਈ ਜੇ ਸ਼ਹਿਰਾਂ ਵਿਚ ਪੂੰਜੀਪਤੀਆਂ ਦੇ ਵੱਡੇ ਵੱਡੇ ਕਾਰਖਾਨੇ ਹਨ ਤਾਂ ਦੇਸ਼ ਦੀ ਅੱਸੀ ਫੀ ਸਦੀ ਆਬਾਦੀ ਵਾਲੇ ਵੱਡੇ ਖੇਤਰ ਵਿਚ ਜ਼ਮੀਨ ਦੀ ਅਜਾਰੇਦਾਰੀ ਦੇ ਰੂਪ ਵਿਚ ਜ਼ਮੀਨਦਾਰੀ ਪ੍ਰਥਾ ਮੌਜੂਦ ਹੈ। ਜਗੀਰਦਾਰੀ ਅਤੇ ਪੂੰਜੀਵਾਦੀ ਮਾਲੀ ਰਿਸ਼ਤਿਆਂ ਦੇ ਇਸ ਗੱਠਜੋੜ ਨੇ ਦੇਸ਼ ਵਿਚ ਇਕ ਇਹੋ ਜਿਹੀ ਸਭਿਅਤਾ ਪੈਦਾ ਕਰ ਦਿੱਤੀ ਹੈ ਜਿਸ ਵਿਚ ਬੈੱਲਬਾਟਮ ਪਾ ਕੇ, ਮੋਢੇ ਉਤੇ ਟਰਾਂਜਿਸਟਰ ਲਟਕਾਈ ਕ੍ਰਿਕਟ ਦੀ ਕਮੈਂਟਰੀ ਜਾਂ ਸਿਨਮੇ ਦੇ ਗਾਣੇ ਸੁਣਦੀਆਂ ਹੋਈਆਂ ਕੁੜੀਆਂ ਹੱਥਾਂ ਵਿਚ ਲੰਬਾ ਬਾਂਸ ਲੈ ਕੇ ਮਥਰਾ ਬਿੰਦਰਾਬਣ ਦੀ ਚੌਦਾਂ ਕੋਹ ਦੀ ਪੈਦਲ ਯਾਤਰਾ ਕਰਦੀਆਂ ਹਨ ਅਤੇ ਜੇ ਉਹ ਪਹਿਰਾਵੇ ਤੇ ਫੈਸ਼ਨ ਵਿਚ ਮਾਡਰਨ ਹਨ ਤਾਂ ਆਪਣੇ ਵਿਚਾਰਾਂ ਵਿਚ ਅੱਜ ਵੀ ਉਹ ਅਠਾਰਵੀਂ ਸਦੀ ਤੋਂ ਬਾਹਰ ਨਿਕਲਣ ਲਈ ਤਿਆਰ ਨਹੀਂ ਹਨ।

—ਸੂਹੀ ਸਵੇਰ ਵਿਚੋਂ

## ਅੰਧ ਵਿਸਵਾਸ਼ਾਂ ਦਾ ਪ੍ਰਚਾਰ— ਕਰੇ ਸਰਮਾਏਦਾਰ

ਸਾਡੇ ਦੇਸ਼ ਵਿਚ ਕਾਰਖਾਨੇ ਉਦੋਂ ਖੁਲ੍ਹੇ, ਜਦੋਂ ਸੰਸਾਰ ਪੱਧਰ ਤੇ ਸਾਮਰਾਜਵਾਦ ਅਤੇ ਵਿਸ਼ਵ ਯੁੱਧ ਦੇ ਖੇਤਰ ਵਿਚ ਦਾਖਲ ਹੋ ਕੇ ਪੂੰਜੀਵਾਦੀ ਵਿਵਸਥਾ ਬੀਮਾਰ ਹੋ ਕੇ ਆਪਣੀ ਬੁੱਢੀ ਹਾਲਤ ਵਿਚ ਆ ਚੁਕੀ ਸੀ ਇਸ ਸਮੇਂ ਧਰਮ ਦਾ ਵਿਰੋਧ ਕਰਨ ਵਾਲਾ ਯੂਰਪ ਦਾ ਪੂੰਜੀਵਾਦ ਆਪਣੀ ਰਾਖੀ ਲਈ ਫੇਰ ਤੋਂ ਧਰਮ ਨੂੰ ਸਥਾਪਤ ਕਰਕੇ ਕਿਸਮਤ, ਸਵਰਗ ਅਤੇ ਪੁਨਰ ਜਨਮ ਦੇ ਗੋਰਖ ਧੰਦਿਆਂ ਨੂੰ ਫੈਲਾਉਣ ਲੱਗ ਪਿਆ ਸੀ। ਉਸੇ ਤਰਾਂ ਸਾਡੇ ਦੇਸ਼ ਵਿਚ ਵੀ ਆਪਣੀ ਹੋਂਦ ਦੀ ਰਾਖੀ ਲਈ ਪੂੰਜੀਵਾਦ ਨੂੰ ਜਗੀਰਦਾਰੀ ਕਦਰਾਂ ਦਾ ਸਹਾਰਾ ਲੈਣਾ ਪਿਆ। ਇਹ ਹੀ ਕਾਰਣ ਹੈ ਕਿ ਪੂੰਜੀਪਤੀ ਵਰਗ ਸਿਨਮਾ ਰਾਹੀਂ ਜੇ ਇਕ ਪਾਸੇ ਬੈਲਬਾਟਾਮ, ਸਕਰਟ-ਜੀਨਜ਼, ਅੱਧ-ਨੰਗੇ ਸਰੀਰ, ਸ਼ਰਾਬ ਪੀਣਾ, ਕੈਬਰੇ, ਆਲਿੰਗਨ, ਬਾਥਿੰਗ ਸੂਟ, ਖਲਾ ਪ੍ਰੇਮ ਆਦਿ ਦੇ ਰੂਪ ਵਿਚ ਨਿਘਰਣ ਯੋਗ ਸਾਮਰਾਜੀ ਕਦਰਾਂ ਨੂੰ ਮਰ ਤੋਂ ਜੀਉਂਦਾ ਕਰ ਰਿਹਾ ਹੈ ਤੇ ਦੂਜੇ ਪਾਸੇ ਹਰ ਤਸਵੀਰ ਵਿਚ ਈਸ਼ਵਰ ਦੇ ਕ੍ਰਿਸ਼ਮੇ ਦਿਖਾ ਕੇ ਅੰਧ-ਵਿਸ਼ਵਾਸ ਦੇ ਰੂਪ ਵਿਚ ਜਗੀਰੂ ਰਚੀਆਂ ਦਾ ਵੀ ਪ੍ਰਚਾਰ ਕਰਦਾ ਹੈ। ਇਕ ਕੁੜੀ ਨੂੰ ਗੁੰਡਿਆਂ ਦਾ ਸਰਦਾਰ ਚੁੱਕ ਕੇ ਲੈ ਜਾਂਦਾ ਹੈ, ਉਹ ਉਸ ਨਾਲ ਬਲਾਤਕਾਰ ਕਰਨਾ ਚਾਹੁੰਦੇ ਹੈ, ਕੁੜੀ ਚੀਕਾਂ ਮਾਰਦੀ ਹੈ, ਉਸ ਦੀ ਲਾਚਾਰ ਆਵਾਜ਼ ਨੂੰ ਸੁੰਨਸਾਨ ਜੰਗਲ ਵਿਚ ਕੋਈ ਸਹਾਰਾ ਨਹੀਂ ਮਿਲਦਾ, ਉਸ ਦੇ ਕਪੜੇ ਲੀਰੋ ਲੀਰ ਕਰ ਦਿਤੇ ਜਾਂਦੇ ਹਨ, ਉਥੇ ਹੀ ਸ਼ਿਵਜੀ ਦੀ ਇਕ ਮੂਰਤੀ ਹੈ, ਮੂਰਤੀ ਦੇ ਹੱਥ ਵਿਚ ਇਕ ਤਰਸੂਲ ਹੈ, ਕੁੜੀ ਆਪਣੀ ਰਖਿਆ ਦੀ ਅਖੀਰਲੀ ਕੋਸ਼ਿਸ਼ ਕਰਦੀ ਹੈ ਅਤੇ ਆਪਣੀ ਸਾਰੀ ਤਾਕਤ ਲਾ ਕੇ ਉਸ ਗੁੰਡੇ ਨੂੰ ਪਿਛੇ ਵੱਲ ਧੱਕ ਸੁੱਟਣ ਵਿਚ ਸਫਲ ਹੋ ਜਾਂਦੀ ਹੈ, ਉਹ ਗੁੰਡਾ ਭੋਲੇ ਭੰਡਾਰੀ ਦੇ ਤਰਸੂਲ ਉਤੇ ਜਾ ਡਿਗਦਾ ਹੈ ਸਿਵਜੀ ਦੇ ਬੁਲ੍ਹਾਂ ਤੇ ਹਾਸਾ ਹੈ ਤੇ ਹਾਲ ਵਿਚ ਬੈਠੇ ਦੇਖਣ ਵਾਲੇ ਤਾਲੀਆਂ ਬਜਾਉਂਦੇ ਹਨ, ਖੁਸ਼ ਹੋ ਰਹੇ ਹਨ, ਉਹਨਾਂ ਦਾ ਰੱਬ ਉਤੇ ਵਿਸ਼ਵਾਸ ਵਧ ਜਾਂਦਾ ਹੈ, ਆਪਣੀ ਤਾਕਤ ਉਤੇ ਵਿਸ਼ਵਾਸ ਘੱਟ ਰਿਹਾ ਹੈ ਅਤੇ ਪੂੰਜੀਪਤੀ ਵਰਗ ਨੂੰ ਖਤਰਾ ਘੱਟ ਰਿਹਾ ਹੈ, ਲੋਕ-ਵਿਰੋਧ ਦੀ ਆਸ ਘੱਟ ਹੋ ਰਹੀ ਹੈ।

—ਸੂਹੀ ਸਵੇਰ


if undelivered Please Return to

VIGYANIC VICHAR

Post Box No.-533

Model Town,

LUDHIANA.


PRINTED MATTER

Book Post

TO :-